# Jobs Jobs Jobs

## General Labour/ Drivers/ Window Assemblers & Machine Operators

## ਅੱਜ ਆਓ ਤੇ ਕੱਲ ਕੰਮ ਤੇ ਜਾਓ

- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 7 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-

**416 477 3344**

2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ

NU WAY TOUR & TRAVELS INC.

ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife



Call Us For Guaranteed Lowest Airfare ANY Airline Time Destination Around the World

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

SimConnect FREIGHT MANAGEMENT

HIRING OWNER OPERATORS FOR LAREDO TX & MIDWEST LANES

ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ

Owner Operator up to 1.65 Per miles

Company Drivers :
Solo/Team : upto .65 Cents Per Mile



Sim Connect Freight Management

24 Hrs Dispatch

Ph: (905)915-1805/(905)799-8822

3380 Airway Dr Mississauga Ontario L4T1V3

chatr MOBILE

NEW

NATION-WIDE TALK, TEXT & DATA PLANS FROM $35/MO.

NO OVERAGE CHARGES, NO TERM CONTRACTS, NO CREDIT CHECKS

LET'S GET GOING. CHATRMOBILE.COM

VISIT OUR LOCATIONS TODAY!

379 Main St. North, Brampton, ON 2456 Lake Shore Blvd W., Etobicoke, ON

chatr AUTHORIZED DEALER

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2018

## ਅੱਜ ਨਾਮਾ

ਅਯੁੱਧਿਆ ਕੇਸ ਦੀ ਫੇਰ ਤਾਰੀਖ ਪੈ ਗਈ,
ਖਿਸਕਿਆ ਕੇਸ ਨਾ ਕਦਮ ਹੈ ਇੱਕ ਬੇਲੀ।
ਹੋ ਗਏ ਬੜਾ ਨਿਰਾਸ਼ ਫਿਰ ਭਾਜਪਾਈਏ,
ਲਾਉਂਦੇ ਜਿਹੜੇ ਵਿਵਾਦਾਂ ਨੂੰ ਕਿੱਕ ਬੇਲੀ।
ਜੀਹਦਾ ਨਾਂਅ ਸੁਣਦੇ, ਬੋਲਣ ਝੱਟ ਲੱਗਦੇ,
ਆ ਗਿਆ ਮੂੰਹ ਅੰਦਰ ਕੌੜ-ਫਿੱਕ ਬੇਲੀ।
ਸਾਧਾਂ-ਸੰਤਾਂ ਨੂੰ ਕੀਤਾ ਈ ਪਿਆ ਮੂਹਰੇ,
ਆਪ ਮਗਰ ਖੜ ਕੇ ਠੋਕਣ ਹਿੱਕ ਬੇਲੀ।
ਅਦਾਲਤ ਵਿੱਚ ਅੜਿੱਕਾ ਜਾਂ ਫੇਰ ਲੱਗਾ,
ਸੋਚਣ ਲੱਗ ਪਏ ਨਵਾਂ ਈ ਦਾਅ ਬੇਲੀ।
ਦੇਂਦਾ ਰਸਤਾ ਕਾਨੂੰਨ ਨਹੀਂ ਅਜੇ ਕੋਈ,
ਆਵੇ ਕੰਮ ਨਹੀਂ ਮੁੱਛ ਦਾ ਤਾਅ ਬੇਲੀ।

**ਤੀਸ ਮਾਰ ਖਾਂ**

# ਐਨ ਆਰ ਆਈ ਪੀੜਤ ਲਾੜੀਆਂ ਵੱਲੋਂ ਅਦਾਲਤ ਤੱਕ ਪਹੁੰਚ

ਨਵੀਂ ਦਿੱਲੀ, 10 ਜਨਵਰੀ (ਪੋਸਟ ਬਿਊਰੋ)- ਐਨ ਆਰ ਆਈ ਪਤੀਆਂ ਵੱਲੋਂ ਸਤਾਈਆਂ ਗਈਆਂ ਪੰਜਾਬ, ਹਰਿਆਣਾ, ਦਿੱਲੀ ਤੇ ਉਤਰਾਖੰਡ ਦੀਆਂ ਲੜਕੀਆਂ ਨੇ ਆਪਣੀਆਂ ਮੰਗਾਂ ਬਾਰੇ ਕੱਲ੍ਹ ਦਿੱਲੀ ਵਿੱਚ ਸ਼ਾਂਤਮਈ ਪ੍ਰਦਰਸ਼ਨ ਕਰਕੇ ਵਿਰੋਧ ਦਰਜ ਕਰਵਾਇਆ ਅਤੇ ਇਨ੍ਹਾਂ ਪੀੜਤ ਲੜਕੀਆਂ ਨੇ ਲਾੜਿਆਂ ਉੱਤੇ ਸ਼ਿਕੰਜਾ ਕੱਸਣ ਲਈ ਦਿੱਲੀ ਹਾਈ ਕੋਰਟ ਵਿੱਚ ਜਨਹਿੱਤ ਪਟੀਸ਼ਨ (ਪੀ ਆਈ ਐਲ) ਵੀ ਦਾਇਰ ਕਰ ਦਿੱਤੀ ਹੈ।

ਕੱਲ੍ਹ ਇਸ ਪਟੀਸ਼ਨ ਦੀ ਪਹਿਲੀ ਤਰੀਕ ਸੀ, ਪਰ ਸਾਰੇ ਪੱਖ ਹਾਜ਼ਰ ਨਾ ਹੋਣ ਕਾਰਨ ਚੀਫ ਜਸਟਿਸ ਰਾਜਿੰਦਰ ਮੈਨਨ ਅਤੇ ਜਸਟਿਸ ਵੀ ਕੇ ਰਾਓ ਦੀ ਬੈਂਚ ਨੇ ਇਸ ਕੇਸ ਬਾਰੇ ਵਿਚਾਰ ਕਰਦੇ ਹੋਏ ਇਸ ਦੀ 28 ਮਾਰਚ ਲਈ ਮੁਕਰਰ ਕਰ ਦਿੱਤਾ ਹੈ। ਜਨਹਿੱਤ ਪਟੀਸ਼ਨ ਪੀੜਤ ਲਾੜੀਆਂ ਵੱਲੋਂ ਬਣਾਏ ਗਏ ਸੰਗਠਨ 'ਅਬ ਨਹੀਂ' ਵਾਲੇ ਸੋਸ਼ਲ ਵੈਲਫੇਅਰ ਸੰਗਠਨ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਿਲ ਕੇ ਪਾਈ ਹੈ। ਇਨ੍ਹਾਂ ਪੀੜਤ ਲਾੜੀਆਂ ਦੀ ਅਗਵਾਈ 'ਅਬ ਨਹੀਂ' ਸੋਸ਼ਲ ਵੈਲਫੇਅਰ ਸੁਸਾਇਟੀ ਦੀ ਪ੍ਰਧਾਨ ਸਤਵਿੰਦਰ ਸੱਤੀ ਕਰ ਰਹੀ ਹੈ, ਜੋ ਖੁਦ ਵੀ ਪੀੜਤ ਹੈ। ਉਨ੍ਹਾਂ ਦੇ ਨਾਲ ਸਭ ਤੋਂ ਵੱਧ ਲੜਕੀਆਂ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਤੋਂ ਦਿੱਲੀ ਪੁੱਜੀਆਂ ਸਨ। ਪੰਜਾਬ ਦੀਆਂ ਪੀੜਤ ਲੜਕੀਆਂ ਆਪੋ-ਆਪਣੇ ਪਤੀਆਂ ਅਤੇ ਉਨ੍ਹਾਂ ਦੇ ਪਰਵਾਰਾਂ ਖਿਲਾਫ ਲੜ ਰਹੀਆਂ ਹਨ। ਲੰਬੀ ਤਰੀਕ ਤੋਂ ਨਾਰਾਜ਼ ਇਨ੍ਹਾਂ ਪੀੜਤਾਵਾਂ ਨੇ ਆਪਣੀਆਂ ਮੰਗਾਂ ਬਾਰੇ ਕੋਰਟ ਦੇ ਬਾਹਰ ਸ਼ਾਂਤਮਈ ਪ੍ਰਦਰਸ਼ਨ ਕੀਤਾ।

ਸੰਗਠਨ ਦੀ ਪ੍ਰਮੁੱਖ ਸਤਵਿੰਦਰ ਸੱਤੀ ਦੇ ਮੁਤਾਬਕ ਉਨ੍ਹਾਂ ਦਿੱਲੀ ਕਮੇਟੀ ਦੀ ਮਦਦ ਨਾਲ 9 ਨਵੰਬਰ 2018 ਨੂੰ ਪਟੀਸ਼ਨ ਪਾਈ ਸੀ, ਜਿਸ ਦੀ ਸੁਣਵਾਈ ਵੇਲੇ ਕੋਰਟ ਨੇ ਅਗਲੀ ਤਰੀਕ ਮਾਰਚ ਦੇ ਦਿੱਤੀ ਹੈ। ਅਸੀਂ ਪਿਛਲੇ ਕਈ ਸਾਲਾਂ ਤੋਂ ਆਪਣੀ ਲੜਾਈ ਲੜ ਰਹੇ ਹਾਂ, ਸਾਨੂੰ ਕੋਰਟ ਤੋਂ ਕਾਫੀ ਆਸਾਂ ਹਨ, ਪਰ ਜੇ ਇਥੇ ਵੀ ਲੰਬੀਆਂ ਤਰੀਕਾਂ ਮਿਲ ਜਾਣ ਤਾਂ ਅਸੀਂ ਕਿੱਥੇ ਜਾਈਏ? ਇਨ੍ਹਾਂ ਲੜਕੀਆਂ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਗੁਹਾਰ ਲਾਈ ਕਿ ਐਨ ਆਰ ਆਈ ਲਾੜਿਆਂ ਦੇ ਖਿਲਾਫ ਸਖਤ ਕਾਨੂੰਨ ਬਣਾ ਕੇ ਉਨ੍ਹਾਂ ਨੂੰ ਦੇਸ਼ ਬੁਲਾਇਆ ਜਾਵੇ।

## ਤਿੰਨ ਤਲਾਕ ਬਿੱਲ ਪਾਸ ਨਹੀਂ ਹੋ ਸਕਿਆ, ਜਨਵਰੀ ਦੇ ਅੰਤ ਵਿੱਚ ਰੱਦ ਹੋ ਸਕਦੈ

ਨਵੀਂ ਦਿੱਲੀ, 10 ਜਨਵਰੀ, (ਪੋਸਟ ਬਿਊਰੋ)- ਮੁਸਲਿਮ ਔਰਤਾਂ ਦੇ ਭਲੇ ਲਈ ਦੱਸੇ ਜਾ ਰਹੇ ਤਿੰਨ ਤਲਾਕ ਆਰਡੀਨੈਂਸ ਦੀ ਮਿਆਦ ਇਕ ਮਹੀਨਾ ਵੀ ਨਹੀਂ ਰਹਿ ਗਈ, ਇਹ ਇਸ ਮਹੀਨੇ ਰੱਦ ਹੋ ਜਾਵੇਗਾ। ਇਸ ਦੇ ਰਾਜ ਸਭਾ ਵਿੱਚ ਲਟਕਣ ਨਾਲ ਇਸ ਬਿੱਲ ਦੇ ਕਾਨੂੰਨ ਬਣਨ ਵਿੱਚ ਮੁਸ਼ਕਲ ਆਈ ਹੈ। ਸਰਕਾਰੀ ਸੂਤਰਾਂ ਮੁਤਾਬਕ ਆਰਡੀਨੈਂਸ ਮੁੜ ਜਾਰੀ ਕੀਤਾ ਜਾਵੇਗਾ। ਇਸ ਨੂੰ ਫਿਰ ਕਦੋਂ ਲਿਆਂਦਾ ਜਾਵੇਗਾ, ਇਸ ਬਾਰੇ ਹਾਲੇ ਤੱਕ ਪੱਕਾ ਤੈਅ ਨਹੀਂ ਹੈ।

ਵਰਨਣ ਯੋਗ ਹੈ ਕਿ ਆਰਡੀਨੈਂਸ ਦੀ ਮਿਆਦ ਛੇ ਮਹੀਨੇ ਹੁੰਦੀ ਹੈ, ਪਰ ਪਾਰਲੀਮੈਂਟਰੀ ਸੈਸ਼ਨ ਆਰੰਭ ਹੁੰਦੇ ਸਾਰ ਉਸ ਨੂੰ ਛੇ ਹਫ਼ਤਿਆਂ ਵਿੱਚ ਪਾਰਲੀਮੈਂਟ ਤੋਂ ਪਾਸ ਕਰਵਾ ਕੇ ਬਿੱਲ ਦਾ ਰੂਪ ਦੇਣਾ ਹੁੰਦਾ ਹੈ। ਏਦਾਂ ਨਹੀਂ ਕੀਤਾ ਜਾਂਦਾ ਤਾਂ ਆਪਣੇ ਆਪ ਰੱਦ ਹੋ ਜਾਂਦਾ ਹੈ। ਇਕੱਠੇ ਤਿੰਨ ਤਲਾਕ ਬਾਰੇ ਆਰਡੀਨੈਂਸ 22 ਜਨਵਰੀ ਨੂੰ ਖ਼ਤਮ ਹੋ ਜਾਵੇਗਾ। ਪਿਛਲੇ ਸਾਲ 11 ਦਸੰਬਰ ਨੂੰ ਇਹ ਸਰਦ ਰੁੱਤ ਸੈਸ਼ਨ ਵਿੱਚ ਪਾਰਲੀਮੈਂਟ ਵਿੱਚ ਪਾਸ ਹੋਣਾ ਚਾਹੀਦਾ ਸੀ, ਪਰ ਪਾਸ ਨਹੀਂ ਹੋ ਸਕਿਆ। ਸਰਕਾਰ ਨੂੰ ਇਹ ਅਧਿਕਾਰ ਹੈ ਕਿ ਉਹ ਆਰਡੀਨੈਂਸ ਮੁੜ ਕੇ ਜਾਰੀ ਕਰ ਸਕਦੀ ਹੈ। ਇਸ ਤੋਂ ਬਾਅਦ 31 ਜਨਵਰੀ ਤੋਂ ਸ਼ੁਰੂ ਹੋ ਰਹੇ ਸੰਖੇਪ ਜਿਹੇ ਬਜਟ ਸੈਸ਼ਨ ਤੋਂ ਮਸਾਂ ਇਕ ਹਫ਼ਤਾ ਪਹਿਲਾਂ ਇਹ ਆਰਡੀਨੈਂਸ ਖਤਮ ਹੋਣ ਪਿੱਛੋਂ ਸਰਕਾਰ ਫਿਰ ਇਸ ਨੂੰ ਸਦਨ ਵਿੱਚ ਲਿਆਉਣ ਦੀ ਕੋਸ਼ਿਸ਼ ਕਰ ਸਕਦੀ ਹੈ। ਉਂਜ ਇਹ ਬਿੱਲ ਦੇ ਰੂਪ ਵਿੱਚ ਬਜਟ ਸੈਸ਼ਨ ਮੌਕੇ ਫਰਵਰੀ ਵਿੱਚ ਪੇਸ਼ ਹੋ ਸਕਦਾ ਹੈ। ਮੁਸਲਿਮ ਔਰਤਾਂ ਨੂੰ ਤਿੰਨ ਤਲਾਕ ਦੀ ਮਾਰ ਤੋਂ ਬਚਾਉਣ ਲਈ ਨਵਾਂ ਬਿੱਲ ਪਿਛਲੇ ਸਾਲ 17 ਦਸੰਬਰ ਨੂੰ ਲੋਕ ਸਭਾ ਵਿੱਚ ਪੇਸ਼ ਕੀਤਾ ਗਿਆ ਸੀ। ਇਹ ਬਿੱਲ ਸਤੰਬਰ ਦੇ ਆਰਡੀਨੈਂਸ ਦੀ ਥਾਂ ਲਿਆਂਦਾ ਗਿਆ ਸੀ। ਲੋਕ ਸਭਾ ਵਿੱਚ ਪਾਸ ਹੋਣ ਪਿੱਛੋਂ ਰਾਜ ਸਭਾ ਵਿੱਚ ਇਸ ਦੇ ਵਿਰੋਧ ਕਾਰਨ ਇਸ ਨੂੰ ਵਿਚਾਰ ਲਈ ਪੇਸ਼ ਨਹੀਂ ਸੀ ਕੀਤਾ ਜਾ ਸਕਿਆ। ਇਸ ਪਿੱਛੋਂ ਇਹ ਮਨਜ਼ੂਰੀ ਲਈ ਪੈਂਡਿੰਗ ਪਿਆ ਰਿਹਾ ਹੈ।

## ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਜੇਫ ਬੇਜੋਸ ਪਤਨੀ ਤੋਂ 25 ਸਾਲਾਂ ਬਾਅਦ ਤਲਾਕ ਲੈਣਗੇ



ਨਿਊ ਯਾਰਕ, 10 ਜਨਵਰੀ (ਪੋਸਟ ਬਿਊਰੋ)- ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਤੇ ਅਮੇਜਨ ਦੇ ਮੋਢੀ ਜੇਫ ਬੇਜੋਸ (54) ਨੇ ਕੱਲ੍ਹ ਆਪਣੀ ਪਤਨੀ ਮੈਕੇਂਜੀ ਬੇਜੋਸ (48) ਤੋਂ ਤਲਾਕ ਲੈਣ ਦਾ ਐਲਾਨ ਕੀਤਾ ਹੈ। ਦੋਵਾਂ ਨੇ 25 ਸਾਲ ਪਹਿਲਾਂ ਵਿਆਹ ਕੀਤਾ ਸੀ, ਪਰ ਕਾਫੀ ਸਮੇਂ ਤੋਂ ਇੱਕ ਦੂਸਰੇ ਤੋਂ ਵੱਖ ਰਹਿ ਰਹੇ ਸਨ।

ਇਸ ਫੈਸਲੇ ਦੀ ਜਾਣਕਾਰੀ ਟਵਿੱਟਰ 'ਤੇ ਦਿੰਦੇ ਹੋਏ ਬੇਜੋਸ ਜੋੜੇ ਨੇ ਇੱਕ ਸਾਂਝੇ ਬਿਆਨ ਵਿੱਚ ਲਿਖਿਆ, ਅਸੀਂ ਲੋਕਾਂ ਨੂੰ ਸਾਡੀ ਜ਼ਿੰਦਗੀ ਦੇ ਘਟਨਾਕ੍ਰਮ ਦੇ ਬਾਰੇ ਦੱਸਣਾ ਚਾਹੁੰਦੇ ਹਾਂ। ਸਾਡਾ ਪਰਵਾਰ ਤੇ ਕਰੀਬੀ ਮਿੱਤਰ ਜਾਣਦੇ ਹਨ ਕਿ ਪਿਆਰ ਭਰੇ ਲੰਬੇ ਸਾਥ ਪਿੱਛੋਂ ਟਰਾਇਲ ਸੈਪਰੇਸ਼ਨ ਦੇ ਬਾਅਦ ਅਸੀਂ ਤਲਾਕ ਲੈਣ ਦਾ ਫੈਸਲਾ ਕੀਤਾ ਹੈ। ਅਸੀਂ ਅੱਗੇ ਵੀ ਦੋਸਤਾਂ ਦੀ ਤਰ੍ਹਾਂ ਜੀਵਨ ਬਿਤਾਵਾਂਗੇ। ਮੈਕੇਂਜੀ ਬੇਜੋਸ ਅਮਜੇਨ ਦੇ ਪਹਿਲੇ ਕਰਮਚਾਰੀਆਂ ਵਿੱਚੋਂ ਸੀ। ਮੈਕੇਂਜੀ ਬੇਜੋਸ ਇੱਕ ਨਾਵਲਕਾਰ ਹੈ ਤੇ ਉਨ੍ਹਾਂ ਨੇ 'ਦਿ ਟੈਸਟਿੰਗ ਆਫ ਲੂਥਰ ਅਲਬ੍ਰਾਈਟ ਐਂਡ ਟ੍ਰੈਪਸ' ਸਮੇਤ ਕਈ ਕਿਤਾਬਾਂ ਲਿਖੀਆਂ ਹਨ। ਬਲੂਮਬਰਗ ਦੇ ਮੁਤਾਬਕ ਇਸ ਸਮੇਂ ਵਿੱਚ ਬੇਜੋਸ ਦੇ ਕੋਲ 137 ਕਰੋੜ ਡਾਲਰ ਦੀ ਜਾਇਦਾਦ ਹੈ ਅਤੇ ਉਹ ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਹਨ।

## ਕੋਰਟ ਵਿੱਚ ਪੇਸ਼ ਹੋਏ ਭਗਵਾਨ ਸ੍ਰੀ ਰਾਮ ਅਤੇ ਲਛਮਣ

ਛਤਰਪੁਰ, 10 ਜਨਵਰੀ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਛਤਰਪੁਰ ਜ਼ਿਲ੍ਹੇ ਦੇ ਲਵ ਕੁਸ਼ ਨਗਰ ਦੀ ਇੱਕ ਕੋਰਟ ਵਿੱਚ ਭਗਵਾਨ ਸ੍ਰੀ ਰਾਮ ਅਤੇ ਲਛਮਣ ਨੂੰ ਕੱਲ੍ਹ ਦੁਪਹਿਰ ਪੇਸ਼ ਕੀਤਾ ਗਿਆ। ਪੰਡਿਤ ਦੀ ਮੌਜੂਦਗੀ ਵਿੱਚ ਸ਼ਰਧਾਲੂ ਮੂਰਤੀਆਂ ਲੈ ਕੇ ਕੋਰਟ ਪਹੁੰਚੇ। ਸ਼ਾਮ ਨੂੰ ਭਗਵਾਨ ਦੇ ਮੰਦਰ ਵਾਪਸ ਜਾਣ 'ਤੇ ਵਿਸ਼ੇਸ਼ ਪੂਜਾ-ਪਾਠ ਕੀਤਾ ਗਿਆ। ਅਸਲ ਵਿੱਚ ਰਾਮ ਜਾਨਕੀ ਮੰਦਰ ਵਿੱਚੋਂ ਚੋਰੀ ਹੋਈਆਂ ਭਗਵਾਨ ਸ੍ਰੀ ਰਾਮ ਅਤੇ ਲਛਮਣ ਦੀਆਂ ਮੂਰਤੀਆਂ ਅਤੇ ਚਰਨ ਚੌਕੀ ਪੁਲਸ ਨੇ ਬਰਾਮਦ ਕਰ ਲਈਆਂ ਸਨ। ਇਹ ਮਾਮਲਾ ਅਦਾਲਤ ਦੇ ਵਿਚਾਰ ਅਧੀਨ ਹੈ ਇਸ ਲਈ ਕਾਨੂੰਨੀ ਪ੍ਰਕਿਰਿਆ ਦੇ ਤਹਿਤ ਭਗਵਾਨ ਸ੍ਰੀ ਰਾਮ ਅਤੇ ਲਛਮਣ ਦੀਆਂ ਮੂਰਤੀਆਂ ਨੂੰ ਮੰਦਰ ਦੇ ਪੁਜਾਰੀ ਨੇ ਅਦਾਲਤ ਵਿੱਚ ਪੇਸ਼ ਕੀਤਾ ਸੀ। ਲਵ ਕੁਸ਼ਨਗਰ ਬਲਾਕ ਦੇ ਗੌਰੀਹਾਰ ਥਾਣੇ ਦੇ ਪਿੰਡ ਘਟਰਾ ਦੇ ਰਾਮ ਜਾਨਕੀ ਮੰਦਰ 'ਚੋਂ ਸਾਲ 2016 ਵਿੱਚ ਚੋਰੀ ਹੋਈਆਂ ਸਨ। ਚੋਰ ਭਗਵਾਨ ਸ੍ਰੀ ਰਾਮ ਅਤੇ ਲਛਮਣ ਦੀਆਂ ਮੂਰਤੀਆਂ ਤੇ ਚਰਨ ਚੌਕੀ ਚੋਰੀ ਲੈ ਗਏ ਸਨ। ਪੁਲਸ ਨੇ ਸਬੂਤਾਂ ਦੇ ਆਧਾਰ 'ਤੇ ਭਗਵਾਨ ਸ੍ਰੀ ਰਾਮ ਅਤੇ ਲਛਮਣ ਦੀਆਂ ਮੂਰਤੀਆਂ ਸਮੇਤ ਚਰਨ ਚੌਕੀ ਨੂੰ ਬਰਾਮਦ ਕਰ ਕੇ ਦੋਸ਼ੀਆਂ ਨੂੰ ਫੜਿਆ ਅਤੇ ਚਲਾਨ ਅਦਾਲਤ ਵਿੱਚ ਪੇਸ਼ ਕੀਤਾ ਅਤੇ ਮੂਰਤੀਆਂ ਨੂੰ ਮੰਦਰ ਦੇ ਪੁਜਾਰੀ ਬਸੰਤ ਲਾਲ ਪਾਠਕ ਦੇ ਸਪੁਰਦ ਕਰ ਦਿੱਤਾ ਸੀ।

## ਗੂੜ੍ਹੀ ਨੀਂਦ ਵਿੱਚ ਕਮੀ ਅਲਜ਼ਾਈਮਰ ਰੋਗ ਦਾ ਸੰਕੇਤ ਹੋ ਸਕਦੈ

ਵਾਸ਼ਿੰਗਟਨ, 10 ਜਨਵਰੀ (ਪੋਸਟ ਬਿਊਰੋ)- ਇਕ ਨਵੀਂ ਖੋਜ ਮੁਤਾਬਕ ਜੋ ਬਜ਼ੁਰਗ ਲੋਕ ਘੱਟ ਡੂੰਘੀ ਨੀਂਦ ਲੈਂਦੇ ਹਨ, ਉਨ੍ਹਾਂ ਦੇ ਦਿਮਾਗ ਵਿਚ ਤਾਊ ਪ੍ਰੋਟੀਨ ਦੀ ਮਾਤਰਾ ਵੱਧ ਹੁੰਦੀ ਹੈ।

ਮਿਲੀ ਜਾਣਕਾਰੀ ਅਨੁਸਾਰ ਅਮਰੀਕਾ ਦੀ ਵਾਸ਼ਿੰਗਟਨ ਯੂਨੀਵਰਸਿਟੀ ਸਕੂਲ ਆਫ ਮੈਡੀਸਿਨਜ਼ ਦੇ ਖੋਜੀ ਲੋਕਾਂ ਨੇ ਕਿਹਾ ਕਿ ਡੂੰਘੀ ਨੀਂਦ ਲੈਣ ਵਾਲੇ ਲੋਕਾਂ ਦੀ ਯਾਦਦਾਸ਼ਤ ਮਜ਼ਬੂਤ ਹੁੰਦੀ ਹੈ ਅਤੇ ਸੌਂ ਕੇ ਉਠਣ ਪਿੱਛੋਂ ਤਰੋਤਾਜ਼ਾ ਮਹਿਸੂਸ ਕਰਦੇ ਹਨ। ਸਾਇੰਸ ਟ੍ਰਾਂਸਲੇਸ਼ਨ ਮੈਡੀਸਿਨਜ਼ ਨਾਮਕ ਮੈਗਜ਼ੀਨ ਵਿਚ ਛਪੀ ਖੋਜ ਦੇ ਮੁਤਾਬਕ ਜੀਵਨ ਦੇ ਦੂਜੇ ਅੱਧ ਵਿਚ ਪੂਰੀ ਨੀਂਦ ਨਾ ਲੈ ਸਕਣਾ ਦਿਮਾਗੀ ਸਿਹਤ ਵਿਚ ਗਿਰਾਵਟ ਦਾ ਵੱਡਾ ਸੰਕੇਤ ਹੋ ਸਕਦਾ ਹੈ। ਵਾਸ਼ਿੰਗਟਨ ਯੂਨੀਵਰਸਿਟੀ ਦੇ ਸਹਾਇਕ ਪ੍ਰੋਫੈਸਰ ਬ੍ਰੈਂਡਨ ਲੂਸੀ ਨੇ ਕਿਹਾ ਕਿ ਦਿਲਚਸਪ ਗੱਲ ਹੈ ਕਿ ਅਸੀਂ ਲੋਕਾਂ ਵਿਚ ਡੂੰਘੀ ਨੀਂਦ ਵਿਚ ਗਿਰਾਵਟ ਅਤੇ ਤਾਊ ਪ੍ਰੋਟੀਨ ਦੀ ਵੱਧ ਮਾਤਰਾ ਵਿਚ ਉਲਟ ਅਨੁਪਾਤਕ ਸਬੰਧ ਦੇਖਿਆ। ਲੂਸੀ ਨੇ ਕਿਹਾ ਕਿ ਅਸੀਂ ਇਹ ਦੇਖਿਆ ਕਿ ਲੋਕਾਂ ਵਿਚ ਨੀਂਦ ਕਾਰਨ ਕਿਵੇਂ ਉਸ ਵਿਚ ਯਾਦਦਾਸ਼ਤ ਬਾਰੇ ਸਮੱਸਿਆਵਾਂ ਹੋਣ ਲਗਦੀਆਂ ਹਨ ਅਤੇ ਗੈਰ ਜ਼ਿੰਮੇਵਾਰ ਤਰੀਕੇ ਨਾਲ ਅਲਜ਼ਾਈਮਰ ਰੋਗ ਨਾਲ ਪੀੜਤ ਹੋ ਜਾਂਦੇ ਹਨ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਜਿਆਦਾ ਵਿਆਜ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜ਼ਾ ਚੁਕਾਉ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS?
SHOPPING FOR A BETTER INTEREST RATE?
MORTGAGES SUITABLE FOR EVERY NEED!
1st, and 2nd Mortgages Available!
ALL IN ONE LOW MONTHLY PAYMENT!
Increase Your Cash Flow by Upto 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
SELF-EMPLOYED OR UN-EMPLOYED
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ, ਜ਼ਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593


ਬਿਜਲੀ ਦਾ ਕੋਈ ਵੀ ਛੋਟਾ/ਵਡਾ ਕੰਮ ਹੋਵੇ
• Residential/Commercial/Industrial
• Basement Electrical Wiring
• Service Panel Upgrading
• Fire Alarm
• Driveway Lights
For All Kinds of Electrical Work
Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ
Contact: Nirmal Singh Johal(Certified Electrician)647-716-2677

SherGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

# ਰਾਮ ਜਨਮ ਭੂਮੀ ਕੇਸ ਦੀ ਸੁਣਵਾਈ ਫਿਰ 29 ਜਨਵਰੀ ਤੱਕ ਅੱਗੇ ਜਾ ਪਈ

## * ਜਸਟਿਸ ਯੂ ਯੂ ਲਲਿਤ ਅਯੁੱਧਿਆ ਕੇਸ ਦੀ ਸੁਣਵਾਈ ਤੋਂ ਹਟੇ

ਨਵੀਂ ਦਿੱਲੀ, 10 ਜਨਵਰੀ, (ਪੋਸਟ ਬਿਊਰੋ)- ਰਾਮ ਜਨਮ ਭੂਮੀ ਬਨਾਮ ਬਾਬਰੀ ਮਸਜਿਦ ਦੇ ਜਿਸ ਕੇਸ ਦੀ ਸੁਣਵਾਈ ਪੂਰਾ ਦੇਸ਼ ਉਡੀਕ ਰਿਹਾ ਹੈ, ਉਸ ਦੀ ਕਾਰਵਾਈ ਇਕ ਵਾਰ ਫਿਰ 29 ਜਨਵਰੀ ਤਕ ਟਾਲ ਦਿੱਤੀ ਗਈ ਹੈ।



ਅੱਜ ਵੀਰਵਾਰ ਨੂੰ ਬਾਬਰੀ ਮਸਜਿਦ ਵਾਲੀ ਇੱਕ ਧਿਰ ਨੇ ਸਵਾਲ ਉਠਾ ਦਿੱਤਾ ਕਿ ਸੰਵਿਧਾਨਕ ਬੈਂਚ ਵਿੱਚ ਸ਼ਾਮਲ ਜਸਟਿਸ ਯੂ ਯੂ ਲਲਿਤ ਇਕ ਕੇਸ ਵਿੱਚ ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਕਲਿਆਣ ਸਿੰਘ ਦੇ ਵਕੀਲ ਵਜੋਂ ਪੇਸ਼ ਹੁੰਦੇ ਰਹੇ ਹਨ, ਇਸ ਲਈ ਉਹ ਇਸ ਕੇਸ ਦੀ ਸੁਣਵਾਈ ਵਾਲੇ ਬੈਂਚ ਵਿੱਚ ਨਹੀਂ ਹੋਣੇ ਚਾਹੀਦੇ। ਇਸ ਪਿੱਛੋਂ ਜਸਟਿਸ ਯੂ ਯੂ ਲਲਿਤ ਨੇ ਖ਼ੁਦ ਨੂੰ ਸੁਣਵਾਈ ਤੋਂ ਲਾਂਭੇ ਕਰ ਲਿਆ। ਅੱਗੋਂ ਇਸ ਸੁਣਵਾਈ ਲਈ ਨਵਾਂ ਪੰਜ ਮੈਂਬਰੀ ਸੰਵਿਧਾਨਕ ਬੈਂਚ ਬਣਾਇਆ ਜਾਵੇਗਾ, ਜਿਸ ਵਿਚ ਜਸਟਿਸ ਲਲਿਤ ਨਹੀਂ ਹੋਣਗੇ।

ਕਈ ਹਫਤੇ ਉਡੀਕਣ ਪਿੱਛੋਂ ਅੱਜ ਇਹ ਕੇਸ ਨਵੇਂ ਬਣਾਏ ਸੰਵਿਧਾਨਕ ਬੈਂਚ ਸਾਹਮਣੇ ਪੇਸ਼ ਹੋਣਾ ਸੀ। ਜਦੋਂ ਚੀਫ ਜਸਟਿਸ ਰੰਜਨ ਗੋਗੋਈ, ਜਸਟਿਸ ਐੱਸ ਏ ਬੋਬਡੇ, ਜਸਟਿਸ ਐੱਨ ਵੀ ਰਮੰਨਾ, ਜਸਟਿਸ ਯੂ ਯੂ ਲਲਿਤ ਅਤੇ ਜਸਟਿਸ ਡੀ ਵਾਈ ਚੰਦਰਚੂੜ ਅਦਾਲਤ ਵਿਚ ਆਏ ਤਾਂ ਸੁਣਵਾਈ ਸ਼ੁਰੂ ਹੁੰਦੇ ਸਾਰ ਮੁਸਲਮਾਨ ਧਿਰ ਦੇ ਵਕੀਲ ਰਾਜੀਵ ਧਵਨ ਨੇ ਇਸ ਬੈਂਚ ਵਿਚ ਜਸਟਿਸ ਯੂ ਯੂ ਲਲਿਤ ਦੇ ਹੋਣ ਦਾ ਮੁੱਦਾ ਚੁੱਕਿਆ। ਉਨ੍ਹਾਂ ਕਿਹਾ ਕਿ 1997 ਵਿੱਚ ਅਯੁੱਧਿਆ ਕੇਸ ਨਾਲ ਜੁੜੇ ਸੁਪਰੀਮ ਕੋਰਟ ਦੇ ਹੁਕਮਾਂ ਦੀ ਉਲੰਘਣਾ ਦੇ ਕੇਸ ਵਿੱਚ ਜਸਟਿਸ ਲਲਿਤ ਇੱਕ ਵਕੀਲ ਵਜੋਂ ਸਾਬਕਾ ਮੁੱਖ ਮੰਤਰੀ ਤੇ ਭਾਜਪਾ ਆਗੂ ਕਲਿਆਣ ਸਿੰਘ ਵੱਲੋਂ ਪੇਸ਼ ਹੋ ਚੁੱਕੇ ਸਨ। ਧਵਨ ਨੇ ਕਿਹਾ ਕਿ ਜਸਟਿਸ ਯੂ ਯੂ ਲਲਿਤ ਵੱਲੋਂ ਸੁਣਵਾਈ ਜਾਰੀ ਰੱਖਣ ਉੱਤੇ ਉਨ੍ਹਾਂ ਨੂੰ ਇਤਰਾਜ਼ ਨਹੀਂ, ਪਰ ਇਹ ਉਨ੍ਹਾਂ ਉੱਤੇ ਨਿਰਭਰ ਕਰੇਗਾ ਕਿ ਬੈਂਚ ਵਿਚ ਹੋਣ ਜਾਂ ਨਹੀਂ। ਇਸ ਉੱਤੇ ਜਸਟਿਸ ਯੂ ਯੂ ਲਲਿਤ ਨੇ ਕਿਹਾ ਕਿ ਤੁਸੀਂ ਅਸਲਮ ਭੂਰੇ ਕੇਸ ਦਾ ਜ਼ਿਕਰ ਕਰਦੇ ਹੋ, ਮੈਂ ਉਸ ਕੇਸ ਦੀ ਇਕ ਧਿਰ ਵੱਲੋਂ ਪੇਸ਼ ਹੋਇਆ ਸਾਂ। ਵਰਨਣ ਯੋਗ ਹੈ ਕਿ ਜਦੋਂ ਕਲਿਆਣ ਸਿੰਘ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਸਨ ਤਾਂ ਸੁਪਰੀਮ ਕੋਰਟ ਵਿੱਚ ਉਨ੍ਹਾਂ ਨੇ ਐਫੀਡੇਵਿਟ ਪੇਸ਼ ਕਰ ਕੇ ਬਾਬਰੀ ਮਸਜਿਦ ਦੇ ਢਾਂਚੇ ਦੀ ਸੁਰੱਖਿਆ ਦਾ ਭਰੋਸਾ ਦਿੱਤਾ ਸੀ। ਢਾਂਚਾ ਢਾਹੇ ਜਾਣ ਪਿੱਛੋਂ ਅਸਲਮ ਭੂਰੇ ਨੇ ਕਲਿਆਣ ਸਿੰਘ ਅਤੇ ਹੋਰਨਾਂ ਉੱਤੇ ਹੁਕਮਾਂ ਦੀ ਉਲੰਘਣਾ ਦਾ ਕੇਸ ਦਾਇਰ ਕੀਤਾ ਸੀ। ਓਸੇ ਕੇਸ ਵਿੱਚ ਯੂ ਯੂ ਲਲਿਤ ਇੱਕ ਵਕੀਲ ਵਜੋਂ ਕਲਿਆਣ ਸਿੰਘ ਵੱਲੋਂ ਪੇਸ਼ ਹੋਏ ਸਨ।

ਸੁਣਵਾਈ ਸ਼ੁਰੂ ਹੁੰਦੇ ਹੀ ਵਕੀਲ ਧਵਨ ਵੱਲੋਂ ਇਹ ਮੁੱਦਾ ਚੁੱਕਣ ਉੱਤੇ ਬੈਂਚ ਦੇ ਜੱਜਾਂ ਵਿਚਾਲੇ ਕਰੀਬ ਇਕ ਮਿੰਟ ਚਰਚਾ ਹੋਈ। ਇਸ ਮੌਕੇ ਧਵਨ ਨੇ ਕਿਹਾ ਕਿ ਉਹ ਕੇਸ ਦੇ ਜ਼ਿਕਰ ਦੀ ਮੁਆਫ਼ੀ ਚਾਹੁੰਦੇ ਹਨ, ਪਰ ਚੀਫ ਜਸਟਿਸ ਰੰਜਨ ਗੋਗੋਈ ਨੇ ਕਿਹਾ ਕਿ ਇਸ ਵਿਚ ਮੁਆਫ਼ੀ ਦੀ ਕੀ ਗੱਲ ਹੈ, ਤੁਸੀਂ ਤੱਥ ਹੀ ਪੇਸ਼ ਕੀਤਾ ਹੈ। ਰਾਮਲੱਲਾ ਦੀ ਧਿਰ ਦੇ ਵਕੀਲ ਹਰੀਸ਼ ਸਾਲਵੇ ਨੇ ਕਿਹਾ ਕਿ ਕਲਿਆਣ ਸਿੰਘ ਦਾ ਕੇਸ ਮੁੱਖ ਮੁੱਦਾ ਨਹੀਂ ਸੀ, ਇਸ ਲਈ ਉਨ੍ਹਾਂ ਨੂੰ ਜਸਟਿਸ ਯੂ ਯੂ ਲਲਿਤ ਵੱਲੋਂ ਇਹ ਕੇਸ ਸੁਣਨ ਦੀ ਕੋਈ ਮੁਸ਼ਕਲ ਨਹੀਂ ਲੱਗਦੀ। ਚੀਫ ਜਸਟਿਸ ਰੰਜਨ ਗੋਗੋਈ ਨੇ ਕਿਹਾ ਕਿ ਮੁਸ਼ਕਲ ਦੀ ਗੱਲ ਨਹੀਂ, ਮੇਰੇ ਸਾਥੀ ਜੱਜ ਯੂ ਯੂ ਲਲਿਤ ਇਸ ਦੇ ਬਾਅਦ ਖੁਦ ਹੀ ਇਸ ਦੀ ਸੁਣਵਾਈ ਕਰਨ ਦੇ ਚਾਹਵਾਨ ਨਹੀਂ।

ਇਸ ਮੌਕੇ ਅਦਾਲਤ ਨੇ ਰਜਿਸਟਰੀ ਨੂੰ ਵੀ ਇਹ ਆਦੇਸ਼ ਦਿੱਤਾ ਕਿ ਉਹ ਸੀਲਬੰਦ ਕਮਰੇ ਵਿੱਚ ਰੱਖੇ ਦਸਤਾਵੇਜ਼ਾਂ ਦੇ ਅਨੁਵਾਦ ਦੀ ਜਾਂਚ ਕਰਕੇ 29 ਜਨਵਰੀ ਤਕ ਇਹ ਦੱਸੇ ਕਿ ਇਹ ਕੇਸ ਸੁਣਵਾਈ ਲਈ ਤਿਆਰ ਹੈ ਜਾਂ ਨਹੀਂ।

# ਆਲੋਕ ਵਰਮਾ ਨੂੰ ਸੀ ਬੀ ਆਈ ਦੇ ਮੁਖੀ ਦੇ ਅਹੁਦੇ ਤੋਂ ਫਿਰ ਹਟਾ ਦਿੱਤਾ ਗਿਆ

ਨਵੀਂ ਦਿੱਲੀ, 10 ਜਨਵਰੀ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਵਾਲੀ ਚੋਣ ਕਮੇਟੀ ਨੇ ਅੱਜ ਆਲੋਕ ਵਰਮਾ ਨੂੰ ਕੇਂਦਰੀ ਜਾਂਚ ਏਜੰਸੀ (ਸੀ ਬੀ ਆਈ) ਦੇ ਡਾਇਰੈਕਟਰ ਦੇ ਅਹੁਦੇ ਤੋਂ ਫਿਰ ਹਟਾ ਦਿੱਤਾ ਅਤੇ ਫਾਇਰ ਸੇਫਟੀ ਵਿਭਾਗ ਦਾ ਡਾਇਰੈਕਟਰ ਜਨਰਲ ਬਣਾ ਦਿੱਤਾ ਹੈ।

ਅੱਜ ਵੀਰਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠਲੀ ਚੋਣ ਕਮੇਟੀ ਦੀ ਬੈਠਕ ਨੇ ਇਹ ਫੈਸਲਾ ਲਿਆ ਹੈ। ਇਸ ਕਮੇਟੀ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਬਿਨਾ ਸੁਪਰੀਮ ਕੋਰਟ ਦੇ ਸੀਨੀਅਰ ਜੱਜ ਏ ਕੇ ਸੀਕਰੀ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਮੱਲਿਕਾਅਰਜੁਨ ਖੜਗੇ ਸ਼ਾਮਲ ਸਨ। ਇਸ ਅਹੁਦੇ ਵਾਸਤੇ ਚੋਣ ਕਮੇਟੀ ਦੇ ਮੈਂਬਰਾਂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਲ ਚੀਫ ਜਸਟਿਸ ਤੇ ਲੋਕ ਸਭਾ ਵਿੱਚ ਸਭ ਤੋਂ ਵੱਡੀ ਵਿਰੋਧੀ ਧਿਰ ਦੇ ਨੇਤਾ ਮਲਿਕਾਰਜੁਨ ਖੜਗੇ ਸ਼ਾਮਲ ਸਨ। ਜਸਟਿਸ ਏ ਕੇ ਸੀਕਰੀ ਭਾਰਤ ਦੇ ਚੀਫ ਜਸਟਿਸ ਦੇ ਨੁਮਾਇੰਦੇ ਦੇ ਤੌਰ ਉੱਤੇ ਅੱਜ ਇਸ ਉੱਚ ਪੱਧਰੀ ਬੈਠਕ ਵਿੱਚ ਸ਼ਾਮਲ ਹੋਏ ਸਨ।

ਮਿਲੀ ਜਾਣਕਾਰੀ ਅਨੁਸਾਰ ਪ੍ਰਧਾਨ ਮੰਤਰੀ ਮੋਦੀ ਦੇ ਘਰ ਦੋ ਘੰਟੇ ਤੋਂ ਵੱਧ

## * ਚੋਣ ਕਮੇਟੀ ਵੱਲੋਂ 2:1 ਦੀ ਬਹੁ-ਗਿਣਤੀ ਨਾਲ ਫੈਸਲਾ

ਸਮਾਂ ਚੱਲੀ ਇਸ ਬੈਠਕ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਜਸਟਿਸ ਸੀਕਰੀ ਨਾਲ ਕਾਂਗਰਸ ਆਗੂ ਮੱਲਿਕ-ਅਰਜੁਨ ਖੜਗੇ ਸਹਿਮਤ ਨਜ਼ਰ ਨਹੀਂ ਆਏ ਤੇ ਕੁਝ ਇਤਰਾਜ਼ ਪੇਸ਼ ਕੀਤੇ। ਇਸ ਦੇ ਬਾਅਦ ਪੈਨਲ ਨੇ 2-1 ਦੀ ਬਹੁ-ਗਿਣਤੀ ਨਾਲ ਫੈਸਲਾ ਲਿਆ ਤੇ ਆਲੋਕ ਵਰਮਾ ਨੂੰ ਸੀ ਬੀ ਆਈ ਡਾਇਰੈਕਟਰ ਦੇ ਅਹੁਦੇ ਤੋਂ ਹਟਾ ਕੇ ਫਾਇਰ ਸਰਵਿਸਿਜ਼ ਐਂਡ ਹੋਮ ਗਾਰਡ ਦਾ ਡਾਇਰੈਕਟਰ ਜਨਰਲ ਬਣਾ ਦਿੱਤਾ ਗਿਆ ਹੈ। ਦੱਸਿਆ ਗਿਆ ਹੈ ਕਿ ਕਾਂਗਰਸ ਆਗੂ ਮਲਿਕਾਰਜੁਨ ਖੜਗੇ ਨੇ ਬੈਠਕ ਵਿੱਚ ਕਿਹਾ ਕਿ ਆਲੋਕ ਵਰਮਾ ਨੂੰ ਸੀ ਬੀ ਆਈ ਡਾਇਰੈਕਟਰ ਵਜੋਂ ਪੂਰੇ ਅਧਿਕਾਰ ਦੇਣੇ ਚਾਹੀਦੇ ਹਨ। ਇਸ ਤੋਂ ਇੱਕ ਦਿਨ ਪਹਿਲਾਂ ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿੱਚ ਆਲੋਕ ਵਰਮਾ ਉੱਤੇ ਨੀਤੀ ਫੈਸਲੇ ਲੈਣ ਤੋਂ ਰੋਕ ਦਿੱਤਾ ਸੀ। ਮੱਲਿਕਾਅਰਜੁਨ ਖੜਗੇ ਨੇ ਡਾਇਰੈਕਟਰ ਆਲੋਕ ਵਰਮਾ ਦੇ ਖਿਲਾਫ਼ ਕੇਂਦਰੀ ਵਿਜੀਲੈਂਸ ਕਮਿਸ਼ਨ



(ਸੀ ਵੀ ਸੀ) ਜਾਂਚ ਦੇ ਸਾਰੇ ਦਸਤਾਵੇਜ਼ ਕਮੇਟੀ ਅੱਗੇ ਪੇਸ਼ ਕਰਨ ਦੀ ਮੰਗ ਵੀ ਕੀਤੀ। ਉਨ੍ਹਾਂ ਕਿਹਾ ਕਿ ਸਿਰਫ਼ ਸੀ ਵੀ ਸੀ ਦੀ ਜਾਂਚ ਦੇ ਆਧਾਰ ਉੱਤੇ ਫੈਸਲਾ ਨਹੀਂ ਲਿਆ ਜਾ ਸਕਦਾ, ਇਹ ਦੇਖਣਾ ਜ਼ਰੂਰੀ ਹੈ ਕਿ ਸੀ ਵੀ ਸੀ ਨੇ ਜਾਂਚ ਕਿਹੜੇ ਦਸਤਾਵੇਜ਼ ਦੇ ਆਧਾਰ ਉੱਤੇ ਕੀਤੀ ਸੀ। ਆਲੋਕ ਵਰਮਾ ਨੂੰ ਜ਼ਬਰੀ ਛੁੱਟੀ ਉੱਤੇ ਭੇਜਣ ਨਾਲ ਉਸ ਨੂੰ ਹੋਏ ਸਰਵਿਸ ਦੇ ਨੁਕਸਾਨ ਦੀ ਪੂਰਤੀ ਦੀ ਮੰਗ ਵੀ ਮੱਲਿਕਾਅਰਜੁਨ ਖੜਗੇ ਨੇ ਕੀਤੀ। ਉਨ੍ਹਾਂ ਕਿਹਾ ਕਿ ਇਸ ਛੁੱਟੀ ਉੱਤੇ ਰਹਿਣ ਦੇ 77 ਦਿਨਾਂ ਜਿੰਨਾ ਸਮਾਂ ਉਨ੍ਹਾਂ ਦਾ ਕਾਰਜਕਾਲ ਵਧਾਇਆ ਜਾਵੇ। ਖੜਗੇ ਨੇ ਕਮੇਟੀ ਨੂੰ ਇਹ ਦੱਸਣ ਨੂੰ ਕਿਹਾ ਕਿ ਸੀ ਬੀ ਆਈ ਦੇ ਡਾਇਰੈਕਟਰ ਨੂੰ ਜ਼ਬਰੀ ਛੁੱਟੀ ਉੱਤੇ ਭੇਜਣ ਦੀ ਰਾਤ ਨੂੰ ਸੀ ਬੀ ਆਈ ਹੈੱਡਕੁਆਰਟਰ ਨੂੰ ਦਿੱਲੀ ਪੁਲਿਸ ਦੇ ਹਵਾਲੇ ਕਿਸ ਦੇ ਹੁਕਮ ਉੱਤੇ ਕੀਤਾ ਗਿਆ ਸੀ, ਜਦ ਕਿ ਓਥੇ ਸੀ ਆਈ ਐੱਸ ਐੱਫ ਦੀ ਸੁਰੱਖਿਆ ਲੱਗੀ ਹੋਈ ਹੈ। ਉਸ ਰਾਤ ਜੋ ਕੁਝ ਹੋਇਆ, ਉਸ ਦੀ ਜਾਂਚ ਹੋਣੀ ਚਾਹੀਦੀ ਹੈ।

ਸੀ ਬੀ ਆਈ ਵਿੱਚ ਪੈਦਾ ਹੋਏ ਤਨਾਅ ਪਿੱਛੋਂ ਜ਼ਬਰੀ ਛੁੱਟੀ ਭੇਜੇ ਡਾਇਰੈਕਟਰ ਆਲੋਕ ਵਰਮਾ ਨੇ ਲਗਪਗ ਢਾਈ ਮਹੀਨੇ ਬਾਅਦ ਆਪਣਾ ਚਾਰਜ ਕੱਲ੍ਹ ਸੰਭਾਲਿਆ ਸੀ। ਸੁਪਰੀਮ ਕੋਰਟ ਦੇ ਇਸ ਫੈਸਲੇ ਦੇ ਅਗਲੇ ਦਿਨ ਬੁੱਧਵਾਰ ਨੂੰ ਉਨ੍ਹਾਂ ਨੇ ਦਫਤਰ ਜਾ ਕੇ ਕਈ ਹਾਈ ਪ੍ਰੋਫਾਈਲ ਕੇਸਾਂ ਦੀ ਜਾਂਚ ਦੀ ਘੋਖ ਕੀਤੀ ਸੀ। ਉਨ੍ਹਾਂ ਦੀ ਥਾਂ ਕਾਰਜਕਾਰੀ ਡਾਇਰੈਕਟਰ ਬਣਾਏ ਗਏ ਐੱਮ ਨਾਗੇਸ਼ਵਰ ਰਾਓ ਨੇ ਸੀ ਬੀ ਆਈ ਦਫਤਰ ਵਿੱਚ ਉਨ੍ਹਾਂ ਦਾ ਸਵਾਗਤ ਕੀਤਾ ਸੀ। ਆਲੋਕ ਵਰਮਾ ਸਿੱਧੇ ਦਸਵੀਂ ਮੰਜ਼ਿਲ ਉੱਤੇ ਆਪਣੇ ਦਫਤਰ ਗਏ, ਜਿਹੜਾ ਉਨ੍ਹਾਂ ਨੂੰ ਛੁੱਟੀ ਭੇਜਣ ਪਿੱਛੋਂ ਬੰਦ ਪਿਆ ਸੀ। ਉਨ੍ਹਾਂ ਦਾ ਸਰਵਿਸ ਦਾ ਸਮਾਂ 31 ਜਨਵਰੀ ਨੂੰ ਪੂਰਾ ਹੋਣਾ ਸੀ। ਸਿਰਫ ਇੱਕ ਦਿਨ ਬਾਅਦ ਅੱਜ ਉਨ੍ਹਾਂ ਨੂੰ ਫਿਰ ਹਟਾ ਦਿੱਤਾ ਗਿਆ ਹੈ।

# ਹਰਸਿਮਰਤ ਕੌਰ ਬਾਦਲ ਨੂੰ ਕੈਪਟਨ ਦਾ ਜਵਾਬ: ‘ਮੈਂ ਪਾਰਟੀ ਦਾ ਵਫ਼ਾਦਾਰ ਹਾਂ ਤੇ ਤੁਸੀਂ ਨਿੱਜੀ ਹਿੱਤਾਂ ਦੇ’

ਚੰਡੀਗੜ੍ਹ, 10 ਜਨਵਰੀ, (ਪੋਸਟ ਬਿਊਰੋ)- ਅਕਾਲੀ ਨੇਤਾ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵੱਲੋਂ ਮੁੱਖ ਮੰਤਰੀ ਅਮਰਿੰਦਰ ਸਿੰਘ ਦੀ ਵਫ਼ਾਦਾਰੀ ਉੱਤੇ ਸਵਾਲ ਕੀਤੇ ਜਾਣ ਦੀ ਆਲੋਚਨਾ ਕਰਦੇ ਹੋਏ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਹ ਆਪਣੇ ਰਾਜ ਤੇ ਆਪਣੀ ਪਾਰਟੀ ਲਈ ਵਫ਼ਾਦਾਰ ਹਨ, ਪਰ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਸਮੇਤ ਸਾਰਾ ਬਾਦਲ ਪਰਿਵਾਰ ਨਿੱਜੀ ਹਿੱਤਾਂ ਨੂੰ ਸਮੱਰਪਿਤ ਹੋਇਆ ਪਿਆ ਹੈ।



ਅੱਜ ਏਥੇ ਅਕਾਲੀ ਲੀਡਰਸ਼ਿਪ ਉੱਤੇ ਵਰ੍ਹਦੇ ਹੋਏ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਹਰਸਿਮਰਤ ਕੌਰ ਬਾਦਲ ਅਤੇ ਬਾਦਲਾਂ ਦੇ ਸਾਰੇ ਟੱਬਰ ਲਈ ਨਾ ਪੰਜਾਬ, ਨਾ ਲੋਕ ਅਤੇ ਨਾ ਸਿੱਖ ਪੰਥ ਦਾ ਕੋਈ ਮਹੱਤਵ ਹੈ, ਅਕਾਲੀ ਆਗੂ ਅਕਸਰ ਇਨ੍ਹਾਂ ਦੀ ਨਿੱਜੀ ਵਫਾਦਾਰੀ ਦਾ ਢੰਡੋਰਾ ਪਿੱਟਦੇ ਹਨ। ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਸਿਰਫ ਆਪਣੇ ਨਿੱਜੀ ਹਿੱਤਾਂ ਦੀ ਵਫ਼ਾਦਾਰੀ ਨਿਭਾਉਂਦਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਹਰਸਿਮਰਤ ਕੌਰ ਵੀ ਟੱਬਰ ਦੇ ਹੋਰ ਲੋਕਾਂ ਵਾਂਗ ਧੋਖੇ-ਫਰੇਬ ਦੀ ਕਲਾ ਦੀ ਉਸਤਾਦ ਹੈ ਅਤੇ ਪੰਜਾਬ ਦੇ ਲੋਕਾਂ ਵੱਲੋਂ ਉਸ ਦੀ ਪਾਰਟੀ ਅਤੇ ਸਿਆਸਤ ਨੂੰ ਮੂਧੇ ਮੂੰਹ ਸੁੱਟਣ ਪਿੱਛੋਂ ਵੀ ਉਸ ਨੇ ਝੂਠੀਆਂ ਤੇ ਮਨਘੜਤ ਗੱਲਾਂ ਕਹਿਣੀਆਂ ਜਾਰੀ ਰੱਖੀਆਂ ਹਨ। ਪਿਛਲੇ ਸਾਲ ਵਿਧਾਨ ਸਭਾ ਚੋਣਾਂ ਤੋਂ ਲੈ ਕੇ ਪੰਜਾਬ ਵਿੱਚ ਕਾਂਗਰਸ ਦੀਆਂ ਲਗਾਤਾਰ ਸ਼ਾਨਦਾਰ ਜਿੱਤਾਂ ਦਾ ਜ਼ਿਕਰ ਕਰਦੇ ਹੋਏ ਅਮਰਿੰਦਰ ਸਿੰਘ ਨੇ ਕਿਹਾ, ‘ਬਾਦਲਾਂ ਨੂੰ ਇਹ ਅਹਿਸਾਸ ਨਹੀਂ ਕਿ ਲੋਕਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕਰਕੇ ਉਹ ਖ਼ੁਦ ਮਜ਼ਾਕ ਦੇ ਪਾਤਰ ਬਣ ਰਹੇ ਹਨ।’ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਹਰਸਿਮਰਤ ਕੌਰ ਨੇ ਬਿਆਨ ਵਿੱਚ ਅਣਜਾਣੇ ਹੀ ਇਹ ਵੀ ਮੰਨ ਲਿਆ ਹੈ ਕਿ ਕੇਂਦਰ ਸਰਕਾਰ ਕਰਤਾਰਪੁਰ ਲਾਂਘੇ ਦੇ ਵਿਕਾਸ ਦੇ ਫੰਡ ਦੇਣ ਤੋਂ ਨਾਕਾਮ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਕਰਤਾਰ-ਪੁਰ ਲਾਂਘਾ ਉਨ੍ਹਾਂ ਦੀ ਸਰਕਾਰ ਦਾ ਮੁੱਖ ਪ੍ਰਾਜੈਕਟ ਹੈ, ਪਰ ਪੰਜਾਬ ਸਰਕਾਰ ਇਸ ਦੀ ਸਿਰਫ਼ ਓਦੋਂ ਜ਼ਮੀਨ ਹਾਸਲ ਕਰ ਸਕਦੀ ਹੈ, ਜਦੋਂ ਕੇਂਦਰ ਸਰਕਾਰ ਇਸ ਦੀ ਸ਼ਨਾਖ਼ਤ ਕਰੇਗੀ।

# ਕਾਂਗਰਸ ਨੇ ਚੋਣਾਂ ਤੋਂ ਪਹਿਲਾਂ ਦਿੱਲੀ ਦੀ ਕਮਾਨ ਸ਼ੀਲਾ ਦੀਕਸ਼ਤ ਨੂੰ ਸੌਂਪ ਦਿੱਤੀ

ਨਵੀਂ ਦਿੱਲੀ, 10 ਜਨਵਰੀ, (ਪੋਸਟ ਬਿਊਰੋ)- ਦਿੱਲੀ ਦੀ ਕਾਂਗਰਸ ਦੇ ਨਵੇਂ ਪ੍ਰਧਾਨ ਲਈ ਅੱਜ ਮੋਹਰ ਲੱਗ ਗਈ ਅਤੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਸਾਬਕਾ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਨੂੰ ਦਿੱਲੀ ਦੀ ਕਮਾਨ ਦੇ ਦਿੱਤੀ ਹੈ।

ਵਰਨਣ ਯੋਗ ਹੈ ਕਿ ਅੱਜ ਸ਼ੀਲਾ ਦੀਕਸ਼ਤ ਦੀ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨਾਲ ਮੁਲਾਕਾਤ ਪਿੱਛੋਂ ਇਹ ਫੈਸਲਾ ਲਿਆ ਗਿਆ। ਦਿੱਲੀ ਕਾਂਗਰਸ ਦੇ ਪ੍ਰਧਾਨ ਅਜੈ ਮਾਕਨ ਨੇ ਸਿਹਤ ਦੇ ਕਾਰਨਾਂ ਦਾ ਹਵਾਲਾ ਦੇ ਕੇ ਇਹ ਅਹੁਦਾ ਛੱਡ ਦਿੱਤਾ ਸੀ। ਇਸ ਮੌਕੇ ਦਿੱਲੀ ਕਾਂਗਰਸ ਦੇ ਕੇਂਦਰ ਵੱਲੋਂ ਇੰਚਾਰਜ ਪੀ ਸੀ ਚਾਕੋ ਨੇ ਦੱਸਿਆ ਕਿ ਪਾਰਟੀ ਪ੍ਰਧਾਨ ਰਾਹੁਲ ਗਾਂਧੀ ਨੇ ਇਸ ਦਾ ਅੰਤਿਮ ਫੈਸਲਾ ਲਿਆ ਹੈ। ਰਾਜਸਥਾਨ ਤੇ ਮੱਧ ਪ੍ਰਦੇਸ ਵਾਂਗ ਕਾਂ-ਗਰਸ ਪ੍ਰਧਾਨ ਨੇ ਅਨੁਭਵੀ ਨੇਤਾਵਾਂ ਨੂੰ ਪਹਿਲ ਦਿੱਤੀ ਹੈ। ਇਸੇ ਆਧਾਰ ਉੱਤੇ ਸ਼ੀਲਾ ਨੂੰ ਕਮਾਨ ਸੌਂਪੀ ਗਈ ਹੈ। ਦਿੱਲੀ ਕਾਂਗਰਸ ਪ੍ਰਧਾਨ ਲਈ ਦੌੜ ਵਿੱਚ ਸ਼ੀਲਾ ਦੀਕਸ਼ਤ ਤੋਂ ਬਿਨਾਂ ਰਾਜੇਸ਼ ਲਿਲੋਠੀਆ, ਯੋਗਾਨੰਦ ਸ਼ਾਸ਼ਤਰੀ ਤੇ ਮਹਾਬਲ ਮਿਸ਼ਰਾ ਦਾ ਨਾਂ ਚਰਚਿਤ ਸੀ। ਸ਼ੀਲਾ ਦੀਕਸ਼ਤ ਜਾਣਿਆ-ਪਛਾਣਿਆ ਚਿਹਰਾ ਹੈ। ਉਨ੍ਹਾਂ ਦੇ ਨਾਂ ਉੱਤੇ ਪਾਰਟੀ ਵਿੱਚ ਵਿਰੋਧ ਨਹੀਂ ਹੋਣ ਵਾਲਾ। ਪਾਰਟੀ ਸੂਤਰਾਂ ਮੁਤਾਬਕ ਪਾਰਟੀ ਦਾ ਅੰਦਰੂਨੀ ਝਗੜਾ ਜਿੰਦਾਂ ਦਾ ਹੈ, ਉਸ ਨੂੰ ਬਹੁਤ ਹੱਦ ਤਕ ਖਤਮ ਕਰਨ ਦਾ ਕੰਮ ਸ਼ੀਲਾ ਦੀਕਸ਼ਤ ਹੀ ਕਰ ਸਕਦੇ ਹਨ।

## * ਪੰਜਾਬ ਵਿੱਚ ਕਾਂਗਰਸ ਦੇ 28 ਜ਼ਿਲ੍ਹਾ ਪ੍ਰਧਾਨ ਵੀ ਐਲਾਨੇ ਗਏ

ਇਸ ਦੌਰਾਨ ਪੰਜਾਬ ਵਿੱਚ ਕਾਂਗਰਸ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਏਥੋਂ ਦੇ 28 ਜ਼ਿਲ੍ਹਾ ਪ੍ਰਧਾਨਾਂ ਦੇ ਨਾਂਵਾਂ ਲਈ ਐਲਾਨ ਕਰ ਦਿੱਤਾ ਹੈ। ਕਾਂਗਰਸ ਦੇ ਜਨਰਲ ਸਕੱਤਰ ਅਸ਼ੋਕ ਗਹਿਲੋਤ ਵਲੋਂ ਜਾਰੀ ਸੂਚੀ ਅਨੁਸਾਰ ਭਗਵੰਤ ਪਾਲ ਸਿੰਘ ਸੱਚਰ ਨੂੰ ਅੰਮ੍ਰਿਤਸਰ ਦਿਹਾਤੀ, ਜਤਿੰਦਰ ਕੌਰ ਸੋਨੀਆ ਨੂੰ ਅੰਮ੍ਰਿਤਸਰ ਸ਼ਹਿਰੀ ਦਾ ਪ੍ਰਧਾਨ ਬਣਾਉਣ ਦੇ ਨਾਲ ਗੁਲਜ਼ਾਰ ਮਸੀਹ ਗੁਰਦਾਸਪੁਰ, ਸੰਜੀਵ ਬੈਂਸ ਪਠਾਨਕੋਟ, ਕੁਲਦੀਪ ਕੁਮਾਰ ਨੰਦਾ ਹੁਸ਼ਿਆਰਪੁਰ, ਪ੍ਰੇਮ ਚੰਦ ਭੀਮਾ ਨਵਾਂਸ਼ਹਿਰ, ਕੇ ਕੇ ਮਲਹੋਤਰਾ ਪਟਿਆਲਾ ਸ਼ਹਿਰੀ, ਗਰਦੀਪ ਸਿੰਘ ਪਟਿਆਲਾ ਦਿਹਾਤੀ, ਦੀਪਇੰਦਰ ਸਿੰਘ ਢਿਲੋਂ ਮੋਹਾਲੀ, ਬਰਿੰਦਰ ਸਿੰਘ ਢਿਲੋਂ ਰੋਪੜ, ਖੁਸ਼ਬਾਜ ਸਿੰਘ ਜਟਾਣਾ ਬਠਿੰਡਾ ਦਿਹਾਤੀ, ਬਲਵੀਰ ਰਾਣੀ ਸੋਢੀ ਕਪੂਰਥਲਾ, ਗਗਨਜੀਤ ਸਿੰਘ ਗਾਲਬ ਲੁਧਿਆਣਾ ਦਿਹਾਤੀ, ਅਸ਼ਵਨੀ ਸ਼ਰਮਾਂ ਲੁਧਿਆਣਾ ਸਿਟੀ, ਸੁਖਦੀਪ ਸਿੰਘ ਖੰਨਾ, ਰੂਪੀ ਕੌਰ ਬਰਨਾਲਾ, ਰਾਜਿੰਦਰ ਸਿੰਘ ਰਾਜਾ ਸੰਗਰੂਰ, ਡਾ ਮੰਜੂ ਬੰਸਲ ਮਾਨਸਾ, ਅਰੁਣ ਵਧਵਾ ਬਠਿੰਡਾ ਸ਼ਹਿਰੀ, ਅਜੈਪਾਲ ਸਿੰਘ ਸੰਧੂ ਫਰੀਦਕੋਟ, ਮਨਜੀਤ ਸਿੰਘ ਘਸੀਟਪੁਰਾ ਤਰਨ ਤਾਰਨ, ਹਰਚਰਨ ਸਿੰਘ ਬਰਾੜ ਮੁਕਤਸਰ ਸਾਹਿਬ, ਮਹੇਸ਼ ਸਿੰਘ ਨਿਹਾਲ ਸਿੰਘ ਵਾਲਾ ਮੋਗਾ, ਰੰਜਨ ਕੁਮਾਰ ਕਰਮਾ ਫਾਜ਼ਿਲਕਾ, ਗੁਰਚਰਨ ਸਿੰਘ ਨਾਹਰ ਫਿਰੋਜਪੁਰ, ਬਲਦੇਵ ਸਿੰਘ ਦੇਵ ਜਲੰਧਰ ਸਿਟੀ ਤੇ ਸੁਖਵਿੰਦਰ ਸਿੰਘ ਲਾਲੀ ਜਲੰਧਰ ਦਿਹਾਤੀ ਅਤੇ ਸੁਭਾਸ਼ ਸੂਦ ਸ਼੍ਰੀ ਫਤਿਹਗੜ੍ਹ ਸਾਹਿਬ ਦੇ ਪ੍ਰਧਾਨ ਬਣਾਏ ਗਏ ਹਨ।

### ਜਗੀਰ ਕੌਰ ਦੀ ਚੁਣੌਤੀ:


# ਖਹਿਰਾ ਦੀ ਹਿੰਮਤ ਹੈ ਤਾਂ ਅਸਤੀਫਾ ਦੇ ਕੇ ਫਿਰ ਚੋਣ ਲੜੇ

ਜਲੰਧਰ, 10 ਜਨਵਰੀ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਨੂੰ ਛੱਡ ਕੇ ਆਪਣੀ ਨਵੀਂ ਪਾਰਟੀ ਦਾ ਗਠਨ ਕਰਨ ਵਾਲੇ ਸੁਖਪਾਲ ਖਹਿਰਾ 'ਤੇ ਤਿੱਖਾ ਹਮਲਾ ਕਰਦਿਆਂ ਅਕਾਲੀ ਨੇਤਾ ਬੀਬੀ ਜਗੀਰ ਕੌਰ ਨੇ ਕੱਲ੍ਹ ਕਿਹਾ ਕਿ ਖਹਿਰਾ ਵੱਲੋਂ ਆਪ ਤੋਂ ਅਸਤੀਫਾ ਦੇਣਾ ਸਿਰਫ ਡਰਾਮਾ ਹੈ ਕਿਉਂਕਿ ਆਪ ਨੇ ਪਹਿਲਾਂ ਹੀ ਖਹਿਰਾ ਨੂੰ ਪਾਰਟੀ ਵੱਚੋਂ ਕੱਢ ਦਿੱਤਾ ਸੀ। ਬੀਬੀ ਜਗੀਰ ਕੌਰ ਨੇ ਕਿਹਾ ਕਿ ਕਾਂਗਰਸ ਦੀ ਸ਼ਹਿ 'ਤੇ ਹੀ ਖਹਿਰਾ ਵੱਲੋਂ ਆਪ ਨਾਲ ਧੋਖਾ ਕੀਤਾ ਗਿਆ ਹੈ। ਜੇ ਖਹਿਰਾ ਵਿੱਚ ਹਿੰਮਤ ਹੈ ਤਾਂ ਉਹ ਵਿਧਾਇਕ ਦੇ ਅਹੁਦੇ ਤੋਂ ਅਸਤੀਫਾ ਦੇਣ ਅਤੇ ਆਪਣੀ ਪਾਰਟੀ ਦੇ ਨਿਸ਼ਾਨ 'ਤੇ ਚੋਣ ਲੜ ਕੇ ਵਿਖਾਉਣ। ਖਹਿਰਾ ਨੇ ਇਹ ਗੱਲ ਕਹੀ ਸੀ ਕਿ ਉਹ ਭੁਲੱਥ ਤੋਂ ਆਮ ਆਦਮੀ ਪਾਰਟੀ ਦੇ ਕਾਰਨ ਨਹੀਂ, ਸਗੋਂ ਆਪਣੀ ਸਾਖ ਕਾਰਨ ਜਿੱਤੇ ਸਨ। ਬੀਬੀ ਜਗੀਰ ਕੌਰ ਨੇ ਪੁੱਛਿਆ ਕਿ ਉਦੋਂ ਖਹਿਰਾ ਦੀ ਸਾਖ ਕਿੱਥੇ ਗਈ, ਜਦੋਂ ਉਹ ਇੱਕ ਪੰਚ ਵੀ ਨਹੀਂ ਜਿਤਾ ਸਕੇ। ਪਿਛਲੀਆਂ ਅਸੈਂਬਲੀ ਚੋਣਾਂ ਵਿੱਚ ਵੀ ਕਾਂਗਰਸ ਨੇ ਆਪਣੀ ਸਾਰੀ ਵੋਟ ਖਹਿਰਾ ਨੂੰ ਪੁਆ ਕੇ ਉਨ੍ਹਾਂ ਨੂੰ ਜਿਤਾਇਆ ਸੀ। ਆਖਰੀ ਸਮੇਂ ਤੱਕ ਕਾਂਗਰਸ ਨੇ ਭੁਲੱਥ ਵਿੱਚ ਕੋਈ ਉਮੀਦਵਾਰ ਖੜ੍ਹਾ ਨਹੀਂ ਕੀਤਾ ਸੀ। ਕਾਂਗਰਸ ਨੇ ਅਕਾਲੀ ਦਲ ਦੇ ਹੀ ਇੱਕ ਉਮੀਦਵਾਰ ਨੂੰ ਚੋਣ ਮੈਦਾਨ ਵਿੱਚ ਉਤਾਰ ਕੇ ਅੰਦਰਖਾਤੇ ਖਹਿਰਾ ਦੀ ਮਦਦ ਕੀਤੀ ਸੀ। ਬੀਬੀ ਜਗੀਰ ਕੌਰ ਨੇ ਕਿਹਾ ਕਿ ਅੱਜ ਖਹਿਰਾ ਨੂੰ 1984 ਦੇ ਕਾਤਲ ਨਜ਼ਰ ਆਉਣ ਲੱਗ ਪਏ ਹਨ, ਜਦ ਕਿ ਚਾਰ ਵਾਰ ਸਿੱਖਾਂ ਦੇ ਕਤਲ ਲਈ ਜ਼ਿੰਮੇਵਾਰ ਨੂੰ ਪਾਰਟੀ ਟਿਕਟ ਦੇ ਕੇ ਉਹ ਚੋਣ ਲੜਾਉਂਦੇ ਰਹੇ ਹਨ।









## ਸੇਵਾਦਲ ਦਾ 2019 ਦਾ ਕਲੰਡਰ ਰਿਲੀਜ਼



8 ਜਨਵਰੀ ਨੂੰ ਫਲਾਵਰ ਸਿਟੀ ਸੀਨੀਅਰ ਸਿਟੀਜ਼ਨ ਸੈਟਰ ਦੀ ਮਾਸਕ ਮੀਟਿੰਗ, ਸੈਂਟਰ ਦੀ ਪ੍ਰਧਾਨ ਮਾਈਰਨਾ ਆਡਮ ਨੇ ਹਮੇਸ਼ਾ ਵਾਂਗ ਕੀਤੀ। ਇਸ ਵਾਰ ਸੈਕਟਰੀ ਹਾਜਰ ਨਹੀਂ ਸੀ ਜਿਸ ਕਾਰਣ ਸੈਕਟਰੀ ਦਾ ਕੰਮ ਵੀ ਪ੍ਰਧਾਨ ਨੇ ਹੀ ਕੀਤਾ। ਪਿਛਲੇ ਕਾਫੀ ਮਹੀਨਿਆਂ ਤੋਂ ਸੈਂਟਰ ਦੀ ਰੀਪੇਅਰ ਚਲ ਰਹੀ ਸੀ ਜੋ ਇਸ ਵਾਰ ਮੁਕੰਮਲ ਪਾਈ ਗਈ। ਹਾਜਰੀ ਬਹੁਤੀ ਨਹੀਂ ਸੀ ਪਰ ਨਵੇਂ ਸਾਲ ਦੀ ਸਪਿਰਟ ਸਭ ਵਿਚ ਵੇਖੀ ਗਈ। ਅਗਲੀ ਮੀਟਿੰਗ ਵਿਚ ਸੈਂਟਰ ਦਾ ਨਵਾਂ ਕੰਨਸਟੀਚਿਊਟ ਵਿਚਾਰਿਆ ਜਾਵੇਗਾ। 19 ਜਨਵਰੀ ਨੂੰ ਹੋਣ ਵਾਲੇ 'ਫਰੈਂਡਲੀ ਫੋਰਮ ਦੀ ਈਵੈਂਟ ਬਾਰੇ ਦਸਿਆ ਗਿਆ। ਸਿਟੀ ਵਲੋਂ ਮਿਲਦੀਆਂ ਗਰਾਟਾਂ ਬਾਰੇ ਚਾਨਣ ਪਾਇਆ ਗਿਆ।

ਸੇਵਾਦਲ ਦੇ ਅਜੀਤ ਸਿੰਘ ਰੱਖੜਾ ਨੇ ਗਰਾਂਟਾ ਬਾਰੇ ਇਕ ਸੀਰੀਅਸ ਤਰੁਟੀ ਦਾ ਜ਼ਿਕਰ ਕੀਤਾ ਜਿਸ ਨਾਲ ਸਭ ਦੇ ਕੰਨ ਖੜੇ ਹੋ ਗਏ। ਤਰੁਟੀ ਇਹ ਹੈ ਕਿ ਕੇਵਲ ਬਰੈਂਪਟਨ ਸਿਟੀ ਗ੍ਰਾਂਟ ਐਪਲੀਕੇਸ਼ਨਾਂ ਆਨ ਲਾਈਨ ਲੈਣ ਦੀ ਜ਼ਿਦ ਕਰਦਾ ਹੈ ਜਦਕਿ ਸੂਬਾ ਸਰਕਾਰ ਵਲੋਂ ਪੇਪਰ ਐਪਲੀਕੇਸ਼ਨਾ ਵੀ ਮੰਨਜੂਰ ਹੁੰਦੀਆਂ ਹਨ। ਇਸ ਖਾਮੀ ਕਾਰਣ ਉਹ ਕਲੱਬਾਂ ਅਪਲਾਈ ਨਹੀਂ ਕਰ ਸਕਦੀਆਂ ਜਿਨ੍ਹਾ ਕੋਲ ਕੰਪਿਓਟਰ ਅਕਸੈਸ ਨਹੀਂ ਹੈ। ਅਜੰਡੇ ਮੁਤਾਬਿਕ ਸੀਨੀਅਰ ਸੋਸ਼ਿਲ ਸਰਵਿਸਿਜ਼ ਗਰੁਪ ਵਲੋਂ ਸਲਾਨਾ ਇੰਡੋਕਨੇਡੀਅਨ ਸਮਾਰਟ ਕਲੰਡਰ ਬਾਰੇ ਤਫਸੀਲ ਦਿਤੀ ਗਈ ਅਤੇ ਸਭ ਮੈਂਬਰਾਂ ਨੂੰ ਕਾਪੀਆ ਵੰਡੀਆ ਗਈਆਂ। ਇਕ ਕਾਪੀ ਪ੍ਰਧਾਨ ਆਡਮ ਨੂੰ ਦੇਕੇ ਕਲੰਡਰ ਰੀਲੀਜ਼ ਕਰਨ ਦੀ ਰਸਮ ਵੀ ਪੂਰੀ ਕੀਤੀ ਗਈ। ਇਹ ਕਲੰਡਰ ਅਖਬਾਰਾ ਵਿਚ ਵੀ ਛਪ ਚੁਕਾ ਹੈ ਅਤੇ ਇਸਦੀ ਜਾਣਕਾਰੀ 5000 ਪ੍ਰੀਵਾਰਾ ਤਕ ਪਹੁੰਚ ਚੁਕੀ ਹੈ।

## ਹਾਈ ਕੋਰਟ ਨੇ ਕਿਹਾ: ਲੁਧਿਆਣਾ ਦੇ ਪੁਲਸ ਕਮਿਸ਼ਨਰ ਨੇ ਗੁਮਰਾਹ ਕੀਤਾ, ਡੀ ਜੀ ਪੀ ਕਾਰਵਾਈ ਕਰਨ

ਚੰਡੀਗੜ੍ਹ, 10 ਜਨਵਰੀ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਉਸ ਦੇ ਹੁਕਮਾਂ ਦੇ ਬਾਵਜੂਦ ਅਪਰਾਧੀ ਨੂੰ ਕੋਰਟ ਵਿੱਚ ਪੇਸ਼ ਨਾ ਕਰਨ ਦੇ ਕੇਸ ਵਿੱਚ ਡੀ ਜੀ ਪੀ ਨੂੰ ਲੁਧਿਆਣਾ ਦੇ ਪੁਲਸ ਕਮਿਸ਼ਨਰ ਦੇ ਖਿਲਾਫ ਜ਼ਰੂਰੀ ਵਿਭਾਗੀ ਕਾਰਵਾਈ ਕਰਨ ਨੂੰ ਕਿਹਾ ਹੈ।

ਜਸਟਿਸ ਰਾਜੀਵ ਸ਼ਰਮਾ ਤੇ ਜਸਟਿਸ ਹਰਿੰਦਰ ਸਿੰਘ ਸਿੱਧੂ ਦੀ ਬੈਂਚ ਦੇ ਨਾਲ ਹੀ ਲੁਧਿਆਣਾ ਪੁਲਸ ਸਟੇਸ਼ਨ ਡਵੀਜ਼ਨ ਨੰਬਰ ਤਿੰਨ ਦੇ ਐੱਸ ਐੱਚ ਓ ਅਤੇ ਏ ਐੱਸ ਆਈ ਜਗਦੀਸ਼ ਰਾਜ ਦੇ ਖਿਲਾਫ ਵੀ ਤਿੰਨ ਹਫਤੇ ਦੇ ਅੰਦਰ ਕਾਰਵਾਈ ਕਰਨ ਨੂੰ ਕਿਹਾ ਹੈ। ਕੋਰਟ ਨੇ 21 ਦਸੰਬਰ ਨੂੰ ਦੋਸ਼ੀ ਅਪਨਿੰਦਰ ਸਿੰਘ ਅਤੇ ਰਾਜੇਸ਼ ਕੁਮਾਰ ਨੂੰ ਕੋਰਟ ਵਿੱਚ ਪੇਸ਼ ਕਰਨ ਦਾ ਹੁਕਮ ਦਿੱਤਾ ਸੀ। ਰਾਜੇਸ਼ ਕੁਮਾਰ ਤਾਂ ਖੁਦ ਕੋਰਟ ਵਿੱਚ ਪੇਸ਼ ਹੋ ਗਿਆ, ਪਰ ਅਪਨਿੰਦਰ ਕੋਰਟ ਵਿੱਚ ਪੇਸ਼ ਨਹੀਂ ਹੋਇਆ। ਹਾਈ ਕੋਰਟ ਨੇ ਕਿਹਾ ਕਿ ਲੁਧਿਆਣਾ ਦੇ ਪੁਲਸ ਕਮਿਸ਼ਨਰ ਨੂੰ ਦੋਵਾਂ ਅਪਰਾਧੀਆਂ ਨੂੰ ਕੋਰਟ ਵਿੱਚ ਪੇਸ਼ ਕਰਨ ਨੂੰ ਕਿਹਾ ਗਿਆ ਸੀ, ਪ੍ਰੰਤੂ ਲੁਧਿਆਣਾ ਦੇ ਅਸਿਸਟੈਂਟ ਕਮਿਸ਼ਨਰ ਆਫ ਪੁਲਸ (ਸੈਂਟਰਲ) ਨੇ ਐਫੀਡੇਵਿਟ ਦਾਇਰ ਕਰ ਕੇ ਦੋਵਾਂ ਨੂੰ ਪੇਸ਼ ਕਰਨ ਵਿੱਚ ਅਸਮਰਥਤਾ ਪ੍ਰਗਟਾ ਦਿੱਤੀ। ਕਿਹਾ ਗਿਆ ਕਿ ਦੋਵਾਂ ਅਪਰਾਧੀਆਂ ਦੇ ਘਰ ਵਿੱਚ ਛਾਪੇਮਾਰੀ ਕੀਤੀ ਗਈ, ਪਰੰਤੂ ਉਹ ਨਹੀਂ ਮਿਲੇ। ਕੋਰਟ ਨੇ ਕਿਹਾ ਕਿ ਇਹ ਐਫੀਡੇਵਿਟ ਵੀ ਕਮਿਸ਼ਨਰ ਵੱਲੋਂ ਨਹੀਂ ਦਿੱਤਾ ਗਿਆ। ਹਾਈ ਕੋਰਟ ਨੇ ਕਿਹਾ ਕਿ ਕੋਰਟ ਵਿੱਚ ਪੇਸ਼ ਕੀਤਾ ਜਾਣਾ ਜ਼ਰੂਰੀ ਹੈ, ਪ੍ਰੰਤੂ ਪੁਲਸ ਨੇ ਇਸ ਬਾਰੇ ਇਹ ਯਕੀਨੀ ਨਹੀਂ ਕੀਤਾ। ਇਹੀ ਨਹੀਂ ਕੋਰਟ ਨੂੰ ਗੁਮਰਾਹ ਕਰਨ ਵਾਲਾ ਐਫੀਡੇਵਿਟ ਕੋਰਟ ਵਿੱਚ ਦਾਇਰ ਕਰ ਦਿੱਤਾ ਗਿਆ। ਪੁਲਸ ਦੀ ਪਹੁੰਚ ਇਸ ਮਾਮਲੇ ਵਿੱਚ ਗੈਰ ਜ਼ਿੰਮੇਵਾਰਾਨਾ ਰਹੀ। ਅਜਿਹੇ ਵਿੱਚ ਲੁਧਿਆਣਾ ਰੇਂਜ ਦੇ ਆਈ ਜੀ ਯਕੀਨੀ ਕਰਨ ਕਿ ਦੋਵੇਂ ਦੋਸ਼ੀ ਕੋਰਟ ਵਿੱਚ ਹਾਜ਼ਰ ਹੋਣ।

ਪਤਾ ਲੱਗਾ ਹੈ ਕਿ ਦੋਵਾਂ ਦੋਸ਼ੀਆਂ ਵੱਲੋਂ ਲੁਧਿਆਣਾ ਦੇ ਵਧੀਕ ਸੈਸ਼ਨ ਜੱਜ ਦੇ 28 ਜੁਲਾਈ 2003 ਦੇ ਫੈਸਲੇ ਦੇ ਖਿਲਾਫ ਹਾਈ ਕੋਰਟ ਵਿੱਚ ਅਪੀਲ ਦਾਇਰ ਕਰ ਕੇ ਉਮਰ ਕੈਦ ਦੀ ਸਜ਼ਾ ਨੂੰ ਰੱਦ ਕੀਤੇ ਜਾਣ ਦੀ ਮੰਗ ਕੀਤੀ ਗਈ ਸੀ। ਸੁਣਵਾਈ ਵੇਲੇ 2006 ਵਿੱਚ ਹਾਈ ਕੋਰਟ ਨੇ ਸਜ਼ਾ ਸਸਪੈਂਡ ਕਰ ਦਿੱਤੀ ਸੀ। ਹਾਈ ਕੋਰਟ ਨੇ ਕਤਲ ਦੇ ਮਾਮਲੇ ਵਿੱਚ ਗੈਰ ਇਰਾਦਤਨ ਹੱਤਿਆ ਦਾ ਮਾਮਲਾ ਦੱਸਦੇ ਹੋਏ ਦੋਵਾਂ ਅਪਰਾਧੀਆਂ ਨੂੰ 21 ਦਸੰਬਰ ਨੂੰ ਕੋਰਟ ਵਿੱਚ ਪੇਸ਼ ਕਰਨ ਦਾ ਹੁਕਮ ਦਿੱਤਾ ਸੀ।

## ਅਰੋੜਾ ਸਕੈਨ ਸੈਂਟਰ ਕਰਤਾਰਪੁਰ ਦੀ ਰਜਿਸਟਰੇਸ਼ਨ ਹਾਲੇ ਵੀ ਸਸਪੈਂਡ ਰਹੇਗੀ


ਜਲੰਧਰ, 10 ਜਨਵਰੀ (ਪੋਸਟ ਬਿਊਰੋ)- ਕੰਨਿਆ ਭਰੂਣ ਹੱਤਿਆ ਰੋਕਣ ਲਈ ਸਰਕਾਰ ਵੱਲੋਂ ਬਣਾਏ ਪੀ ਸੀ ਪੀ ਐੱਨ ਡੀ ਟੀ ਐਕਟ ਦੀ ਜ਼ਿਲ੍ਹਾ ਐਡਵਾਇਜ਼ਰੀ ਕਮੇਟੀ ਦੀ ਕੱਲ੍ਹ ਸਰਜਨ ਦਫਤਰ ਵਿੱਚ ਹੋਈ ਬੈਠਕ ਦੀ ਅਗਵਾਈ ਕਰਦੇ ਹੋਏ ਸਿਵਲ ਸਰਜਨ ਡਾਕਟਰ ਰਾਜੇਸ਼ ਕੁਮਾਰ ਬੱਗਾ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਪੀ ਸੀ ਪੀ ਐੱਨ ਡੀ ਟੀ ਐਕਟ ਨੂੰ ਸਖਤੀ ਨਾਲ ਲਾਗੂ ਕਰ ਕੇ ਵਿਭਾਗ ਦੀਆਂ ਟੀਮਾਂ ਲਗਾਤਾਰ ਅਲਟਰਾਸਾਊਂਡ ਸਕੈਨਿੰਗ ਸੈਂਟਰਾਂ ਦੀ ਜਾਂਚ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਐਕਟ ਦੇ ਮਾਮਲੇ ਵਿੱਚ ਕਿਸੇ ਵੀ ਸੈਂਟਰ ਵਾਲੇ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਹੋਵੇਗੀ। ਇਸ ਬੈਠਕ ਵਿੱਚ ਮੌਜੂਦ ਕਮੇਟੀ ਦੇ ਮੈਂਬਰਾਂ ਨੇ ਫੈਸਲਾ ਲਿਆ ਕਿ ਔਰਤਾਂ ਸਕੈਨ ਸੈਂਟਰ ਕਰਤਾਰ-ਪੁਰ ਦੀ ਰਜਿਸਟਰੇਸ਼ਨ ਹਾਲੇ ਸਸਪੈਂਡ ਰੱਖੀ ਜਾਵੇ ਅਤੇ ਸਿਹਤ ਵਿਭਾਗ ਵੱਲੋਂ ਗਠਿਤ ਟੀਮ ਪੁਲਸ ਵਿਭਾਗ ਨਾਲ ਮਿਲ ਕੇ ਉਥੇ ਹੀ ਅਲਟਰਾ ਸਾਊਂਡ ਮਸ਼ੀਨ ਦੀ ਡੂੰਘਾਈ ਨਾਲ ਜਾਂਚ ਕਰੇ।

ਐੱਸ ਵੀ ਸਕੈਨਿੰਗ ਸੈਂਟਰ ਲਾਜਪਤ ਨਗਰ ਦੇ ਕੇਸ ਬਾਰੇ ਵਿਚਾਰ-ਵਟਾਂਦਰਾ ਕਰਦੇ ਹੋਏ ਫੈਸਲਾ ਲਿਆ ਗਿਆ ਕਿ ਉਕਤ ਸੈਂਟਰ ਦੀ ਸਸਪੈਨਸ਼ਨ ਦਾ ਸਮਾਂ ਪੰਜ ਜਨਵਰੀ ਨੂੰ ਪੂਰਾ ਹੋ ਚੁੱਕਾ ਹੈ। ਇਸ ਲਈ ਸੈਂਟਰਾਂ ਵਾਲਿਆਂ ਤੋਂ ਜ਼ਰੂਰੀ ਕਾਗਜ਼ਾਤ ਲੈਣ ਤੋਂ ਬਾਅਦ ਉਸ ਨੂੰ ਖੋਲ੍ਹਿਆ ਜਾਵੇਗਾ। ਬੈਠਕ ਵਿੱਚ ਇੱਕ ਸੈਂਟਰ ਦੀ ਨਵੀਂ ਰਜਿਸਟਰੇਸ਼ਨ ਤੇ ਚਾਰ ਸੈਂਟਰਾਂ ਦੀ ਰੀਨਿਊਵਲ ਸੰਬੰਧੀ ਵਿਚਾਰ-ਵਟਾਂਦਰਾ ਕਰ ਕੇ ਸਿਵਲ ਸਰਜਨ ਡਾਕਟਰ ਬੱਗਾ ਨੇ ਕਿਹਾ ਕਿ ਪਹਿਲਾਂ ਇਨ੍ਹਾਂ ਸੈਂਟਰਾਂ ਦੀ ਇਨਸਪੈਕਸ਼ਨ ਕੀਤੀ ਜਾਵੇ ਅਤੇ ਉਸ ਤੋਂ ਬਾਅਦ ਮਨਜ਼ੂਰ ਕੀਤਾ ਜਾਵੇ।

## 550 ਪ੍ਰਾਈਵੇਟ ਕਾਲਜਾਂ ਨੂੰ ਨੀਲਾਮੀ ਦਾ ਨੋਟਿਸ ਨਿਕਲਿਆ

ਕਪੂਰਥਲਾ, 10 ਜਨਵਰੀ (ਪੋਸਟ ਬਿਊਰੋ)- ਪੰਜਾਬ ਦੇ ਲਗਭਗ 860 ਪ੍ਰਾਈਵੇਟ ਕਾਲਜ ਆਰਥਿਕ ਮੰਦੀ ਵਿੱਚ ਘਿਰ ਚੁੱਕੇ ਹਨ। ਸਟਾਫ ਨੂੰ ਲੰਬੇ ਸਮੇਂ ਤੋਂ ਤਨਖਾਹ ਨਹੀਂ ਮਿਲ ਰਹੀ। ਕਾਲਜਾਂ ਦੇ ਬੈਂਕ ਖਾਤੇ ਐੱਨ ਪੀ ਏ ਹੋ ਗਏ ਹਨ। ਬੈਂਕ 550 ਪ੍ਰਾਈਵੇਟ ਕਾਲਜਾਂ ਦੀ ਨੀਲਾਮੀ ਬਾਰੇ ਅਖਬਾਰਾਂ ਵਿੱਚ ਇਸ਼ਤਿਹਾਰ ਦੇਣ ਲੱਗੇ ਹਨ, ਪ੍ਰੰਤੂ ਸਰਾਕਰੀ ਨੀਤੀਆਂ ਦੇ ਕਾਰਨ ਕੋਈ ਗ੍ਰਾਹਕ ਸਾਹਮਣੇ ਨਹੀਂ ਆ ਰਿਹਾ ਹੈ।

ਪਤਾ ਲੱਗਾ ਹੈ ਕਿ ਪੰਜਾਬ ਵਿਚਲੇ ਇੰਜੀਨੀਅਰਿੰਗ, ਮੈਨੇਜਮੈਂਟ, ਮੈਡੀਕਲ, ਪਾਲੀਟੈਕਨਿਕ, ਆਰਟਸ ਆਦਿ ਕਾਲਜਾਂ ਨੂੰ ਲਗਭਗ ਤਿੰਨ ਸਾਲ ਤੋਂ ਡਾਕਟਰ ਬੀ ਆਰ ਅੰਬੇਦਕਰ ਸਕਾਲਰਸ਼ਿਪ ਦਾ 1313 ਕਰੋੜ ਦੀ ਰਾਸ਼ੀ ਨਹੀਂ ਮਿਲੀ। ਪੰਜਾਬ ਸਰਕਾਰ ਨੇ 327 ਕਰੋੜ ਰੁਪਏ ਜਾਰੀ ਕੀਤਾ ਹੈ, ਪਰੰਤੂ ਇੰਨੀ ਰਾਸ਼ੀ ਨਾਲ ਗੱਲ ਬਣਨ ਵਾਲੀ ਨਹੀਂ। ਕੁਝ ਕਾਲਜਾਂ ਤੋਂ ਰਿਕਵਰੀ ਦੇ ਲਈ ਬੈਂਕਾਂ ਵੱਲੋਂ ਅਖਬਾਰਾਂ ਵਿੱਚ ਨੀਲਾਮੀ ਨੋਟਿਸ ਵੀ ਕਢਵਾਏ ਜਾ ਚੁੱਕੇ ਹਨ। ਕੁਝ ਕਾਲਜਾਂ ਦੇ ਸਟਾਫ ਨੂੰ ਇੱਕ-ਇੱਕ ਸਾਲ ਤੋਂ ਤਨਖਾਹ ਨਹੀਂ ਮਿਲ ਸਕੀ। ਇਸ ਕਾਰਨ ਲਗਭਗ ਅੱਧਾ ਸਟਾਫ ਕਾਲਜ ਛੱਡ ਚੁੱਕਾ ਹੈ। ਕਈ ਕਾਲਜ ਮਾਲਕਾਂ ਵੱਲੋਂ ਆਪਣੀ ਜਾਇਦਾਦ ਤੇ ਘਰ ਗਿਰਵੀ ਰੱਖ ਕੇ ਕਰਜ਼ੇ ਨਾਲ ਕੰਮ ਚਲਾਉਣ ਦੀ ਕੋਸ਼ਿਸ਼ ਕੀਤੀ ਗਈ ਸੀ, ਪਰ ਤਿੰਨ ਸਾਲ ਤੋਂ ਸਕਾਲਰਸ਼ਿਪ ਦਾ ਪੈਸਾ ਜਾਰੀ ਨਾ ਹੋਣ ਤੋਂ ਹੁਣ ਉਹ ਕਰਜ਼ੇ ਦਾ ਵਿਆਜ ਵੀ ਦੇਣ ਦੇ ਸਮਰੱਥ ਨਹੀਂ ਹਨ। ਸੰਕਸ਼ਨ ਅਥਾਰਟੀ ਏ ਆਈ ਸੀ ਟੀ ਈ (ਆਲ ਇੰਡੀਆ ਆਫ ਟੈਕਨੀਕਲ ਐਜੂਕੇਸ਼ਨ) ਦਾ ਕਹਿਣਾ ਹੈ ਕਿ ਪੰਜਾਬ ਦੇ ਕਾਲਜਾਂ ਵਿੱਚ ਸਿਰਫ 45 ਫੀਸਦੀ ਸੀਟਾਂ ਹੀ ਭਰੀਆਂ ਹਨ। ਇਨ੍ਹਾਂ ਵਿੱਚ 20 ਫੀਸਦੀ ਜਨਰਲ ਅਤੇ 25 ਫੀਸਦੀ ਸੀਟਾਂ ਖਾਲੀ ਹੋਣ ਕਾਰਨ ਵੀ ਦਿੱਕਤ ਵਧ ਗਈ ਹੈ। ਕਨਫੈਡਰੇਸ਼ਨ ਆਫ ਪੰਜਾਬ ਅਨਏਡਿਡ ਇੰਸਟੀਚਿਊਟ ਦੇ ਚੇਅਰਮੈਨ ਅਤੇ ਸਾਬਕਾ ਮੰਤਰੀ ਅਸ਼ਵਨੀ ਸੇਖੜੀ ਨੇ ਦੱਸਿਆ ਕਿ ਕਾਲਜ ਪ੍ਰੀਖਿਆ ਫੀਸ, ਕੰਟੀਨਿਊਸ਼ਨ ਫੀਸ, ਕੌਂਸਲਿੰਗ ਅਤੇ ਐਫੀਲੇਸ਼ਨ ਫੀਸ ਦੇ ਤੌਰ 'ਤੇ 1000 ਕਰੋੜ ਸਰਕਾਰ ਨੂੰ ਟੈਕਸ ਦਿੰਦੇ ਹਨ, ਪਰੰਤੂ ਸਰਕਾਰ ਵੱਲੋਂ ਸਕਾਲਰਸ਼ਿਪ ਦਾ 1313 ਕਰੋੜ ਨਾ ਦੇਣ ਕਾਰਨ ਕਾਲਜ ਬੰਦ ਹੋਣ ਕਿਨਾਰੇ ਹਨ। ਜਨਰਲ ਸੈਕਟਰੀ ਵਿਪਨ ਸ਼ਰਮਾ ਨੇ ਦੱਸਿਆ ਕਿ ਸਰਕਾਰ ਨੇ 327 ਕਰੋੜ ਜਾਰੀ ਕੀਤਾ ਹੈ, ਪਰ ਉਹ ਵੀ ਸਾਰੇ ਕਾਲਜਾਂ ਨੂੰ ਨਹੀਂ ਮਿਲਿਆ ਹੈ। ਕਾਲਜਾਂ ਨੂੰ ਸਕਾਲਰਸ਼ਿਪ ਨਾ ਮਿਲਣ ਬਾਰੇ ਤਕਨੀਕੀ ਸਿਖਿਆ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸਿੱਧੇ ਤੌਰ 'ਤੇ ਕੋਈ ਜਵਾਬ ਨਹੀਂ ਦਿੱਤਾ। ਉਨ੍ਹਾਂ ਨੇ ਗੇਂਦ ਸੋਸ਼ਲ ਵੈਲਫੇਅਰ ਡਿਪਾਰਟਮੈਂਟ ਦੇ ਪਾਲੇ ਵਿੱਚ ਸੁੱਟਦੇ ਹੋਏ ਕਿਹਾ ਕਿ ਇਸ ਬਾਰੇ ਉਹੀ ਦੱਸ ਸਕਦਾ ਹੈ। ਸੂਬੇ ਦੇ ਕਰੀਬ ਦੋ ਦਰਜਨ ਪਾਲੀਟੈਕਨਿਕ ਕਾਲਜ ਬੰਦ ਹੋ ਚੁੱਕੇ ਹਨ। ਕਪੂਰਥਲਾ ਵਿੱਚ ਸਰਵ ਹਿਤਕਾਰੀ ਸੁਸਾਇਟੀ ਦਿੱਲੀ ਦੋ ਕਾਲਜ ਚਲਾਉਂਦੀ ਹੈ। ਇਨ੍ਹਾਂ ਕਾਲਜਾਂ ਦੀ ਰਿਕਵਰੀ ਦੇ ਲਈ ਬੈਂਕ ਵੱਲੋਂ ਅਖਬਾਰ ਵਿੱਚ ਦੋ ਵਾਰ ਨੋਟਿਸ ਕੱਢਿਆ ਜਾ ਚੁੱਕਾ ਹੈ, ਪਰੰਤੂ ਕੋਈ ਖਰੀਦਾਰ ਨਹੀਂ ਹੈ। ਇਸ ਸੁਸਾਇਟੀ ਨੇ ਸਰਕਾਰ ਤੋਂ ਸਕਾਲਰਸ਼ਿਪ ਦਾ ਸਵਾ ਚਾਰ ਕਰੋੜ ਰੁਪਏ ਲੈਣਾ ਹੈ। ਇਸ ਕਾਰਨ ਵਿਦਿਆਰਥੀਆਂ ਦਾ ਭਵਿੱਖ ਦਾਅ 'ਤੇ ਹੈ।


ਨਵੇਂ ਪੁਰਾਣੇ ਟ੍ਰਕਾਂ/ਟ੍ਰੈਲਰਾਂ ਦੀ ਕੁਝ ਹੀ ਘੰਟਿਆਂ ਵਿੱਚ
Financing/Refinancing ਦਾ ਪੂਰਾ ਪ੍ਰਬੰਧ

- Quick Loan Approval Guranteed
- Bad credit........ No Problem
- Low Down Payment
- Lowest Rate of Interest
- Paper Work...... Minimum
- Best Flexible Terms & Conditions

Gary Chatha
President
647.227.3385
info@punjabsindhfinance.com
905.440.0000

6665 Tomken Rd #202, Mississauga, ON L5T 2C5 (Tomken/Midway)

Real Estate Exam Prep

ਰਿਐਲਟਰ ਬਣਨ ਦਾ ਸੁਨਿਹਰੀ ਮੌਕਾ,
ਲੰਘ ਗਿਆ ਸਮਾਂ ਹੱਥ ਨਹੀਂ ਆਉਣਾ

The Rules are changing
For Real Estate Licence

It will become a Full Time College course soon!
To Avoid going to college for 2-3 Years, Join Now

Pass each exam in just 2 weeks
- Easy to Understand Material
- Important Practice Questions
- Limited Summarized Material

Call: 647-625-7961




2250 Bovaird Dr E, Unit#407, Medical Building
Behind RBC, Sunny Meadow/Bovaird



# ਸੰਪਾਦਕੀ

## ਦਾਨ ਬਕਸਿਆਂ ਵਿੱਚੋਂ ਚੋਰੀ ਕਰਦੇ ਲੋਕਾਂ ਦੇ ਮਰਨ ਦਾ ਦੁਖਾਂਤ

ਕੈਨੇਡਾ ਵਿੱਚ ਪਿਛਲੇ ਸਮੇਂ ਦੌਰਾਨ 7 ਲੋਕਾਂ ਦੀਆਂ ਦਾਨ ਕਰਨ ਲਈ ਰੱਖੇ ਗਏ ਸਟੀਲ ਦੇ ਡੋਨੇਸ਼ਨ ਬਕਸਿਆਂ ਵਿੱਚੋਂ ਕੱਪੜੇ ਚੋਰੀ ਕਰਨ ਦੇ ਯਤਨਾਂ ਦੌਰਾਨ ਮੌਤਾਂ ਹੋ ਚੁੱਕੀਆਂ ਹਨ। ਬੀਤੇ ਮੰਗਲਵਾਰ ਵਾਲੇ ਦਿਨ ਟੋਰਾਂਟੋ ਵਿੱਚ ਇੱਕ ਔਰਤ ਦੀ ਡੋਨੇਸ਼ਨ ਬਕਸੇ ਵਿੱਚੋਂ ਕੱਪੜੇ ਚੋਰੀ ਕਰਨ ਦੌਰਾਨ ਹੋਈ ਮੌਤ ਇਸ ਸਿਲਸਿਲੇ ਵਿੱਚ ਤਾਜ਼ਾ ਵਾਰਦਾਤ ਹੈ। ਟੋਰਾਂਟੋ ਪੁਲੀਸ ਵੱਲੋਂ ਬਲੂਰ ਅਤੇ ਡੋਵਰਕੋਰਟ ਏਰੀਆ ਵਿੱਚ ਮੌਕੇ ਉੱਤੇ ਜਾ ਕੇ ਪਾਇਆ ਗਿਆ ਕਿ ਇਸ ਔਰਤ ਦਾ ਅੱਧਾ ਧੜ ਡੋਨੇਸ਼ਨ ਬਕਸੇ ਤੋਂ ਬਾਹਰ ਸੀ ਜਦੋਂ ਕਿ ਉੱਪਰਲਾ ਹਿੱਸਾ ਬਕਸੇ ਦੇ ਅੰਦਰ ਫਸਿਆ ਹੋਇਆ ਸੀ। ਅਜਿਹੀ ਸਥਿਤੀ ਵਿੱਚ ਹੋਣ ਵਾਲੀ ਮੌਤ ਕਾਫੀ ਦੁਖਦਾਈ ਹੁੰਦੀ ਹੈ। 30 ਦਸੰਬਰ ਨੂੰ ਵੈਨਕੂਵਰ ਵਿੱਚ ਇੱਕ ਵਿਅਕਤੀ ਦੀ ਮੌਤ ਹੋਈ ਸੀ ਅਤੇ ਇੱਕ ਹੋਰ ਵਿਅਕਤੀ ਹਾਲ ਵਿੱਚ ਹੀ ਲੰਡਨ ਉਂਟੇਰੀਓ ਵਿਖੇ ਡੋਨੇਸ਼ਨ ਬਕਸੇ ਵਿੱਚ ਕੱਪੜੇ ਚੋਰੀ ਕਰਨ ਦੇ ਯਤਨਾਂ ਦੌਰਾਨ ਜਾਨ ਤੋਂ ਹੱਥ ਧੋ ਚੁੱਕਾ ਹੈ।

ਡੋਨੇਸ਼ਨ ਬਕਸੇ ਰੱਖ ਕੇ ਕੱਪੜੇ ਇੱਕਤਰ ਕਰਨਾ ਇੱਕ ਵੱਡੀ ਸਕੇਲ ਦਾ ਕਾਰੋਬਾਰ ਹੈ। ਡਾਈਬੀਟੀਜ਼ ਕੈਨੇਡਾ ਵੱਲੋਂ ਕੈਨੇਡਾ ਭਰ ਵਿੱਚ 4000 ਡੋਨੇਸ਼ਨ ਬਕਸੇ ਰੱਖੇ ਹੋਏ ਹਨ। ਇਸੇ ਤਰਾਂ ਸਾਲਵੇਸ਼ਨ ਆਰਮੀ, ਗੁੱਡਵਿੱਲ ਸਟੋਰ, ਹੈਬੀਟਾਟ ਫਾਰ ਹਿਊਮੈਨਟੀ ਆਦਿ ਕਈ ਚੈਰਟੀਆਂ ਹਨ ਡੋਨੇਸ਼ਨ ਬਕਸੇ ਰੱਖ ਕੇ ਵਰਤੇ ਹੋਏ ਕੱਪੜੇ ਇੱਕਤਰ ਕਰਦੀਆਂ ਹਨ। ਵਰਨਣਯੋਗ ਹੈ ਕਿ ਇਹਨਾਂ ਬਕਸਿਆਂ ਰਾਹੀਂ ਇੱਕਤਰ ਕੀਤੇ 25% ਕੱਪੜੇ ਹੀ ਗੁੱਡਵਿੱਲ ਜਾਂ ਹੋਰ ਸਟੋਰਾਂ ਵਿੱਚ ਵੇਚੇ ਜਾਂਦੇ ਹਨ। ਬਾਕੀ ਦੇ ਕੱਪੜਿਆ ਅਤੇ ਹੋਰ ਵਸਤਾਂ ਨੂੰ ਇਹ ਵੱਡੀਆਂ ਚੈਰਟੀਆਂ ਅੱਗੇ ਮੁਨਾਫੇ ਲਈ ਕੰਮ ਕਰਨ ਵਾਲੇ 'ਵੈਲੀਊ ਵਿਲੇਜ' ਵਰਗੇ ਬਿਜਸਨਾਂ ਨੂੰ ਉੱਕਾ ਪੁੱਕਾ ਰੇਟ ਉੱਤੇ ਵੇਚ ਦੇਂਦੀਆਂ ਹਨ। ਅੱਜ ਕੱਲ ਮਾਰਕੀਟ ਵਿੱਚ ਇੱਕ ਟਨ ਪੁਰਾਣੇ ਕੱਪੜਿਆਂ ਦਾ ਰੇਟ 500 ਡਾਲਰ ਦੇ ਕਰੀਬ ਚੱਲ ਰਿਹਾ ਹੈ। ਕੋਈ ਸ਼ੱਕ ਨਹੀਂ ਕਿ ਇਸ ਤਰੀਕੇ ਫੰਡ ਰੇਜ਼ ਕਰਨਾ ਇੱਕ ਚੰਗਾ ਕਾਰਜ ਹੈ।

ਵੱਖ 2 ਸ੍ਰੋਤਾਂ ਵੱਲੋਂ ਕੀਤੀ ਗਈ ਰੀਸਰਚ ਦੇ ਆਧਾਰ ਉੱਤੇ ਪਤਾ ਲੱਗਾ ਹੈ ਕਿ ਕੈਨੇਡਾ ਵਿੱਚ ਡੋਨੇਸ਼ਨ ਬਕਸਿਆਂ ਵਿੱਚ ਉਲਝ ਕੇ ਮਰਨ ਵਾਲੇ ਵਿਅਕਤੀਆਂ ਦੀ ਗਿਣਤੀ ਅਮਰੀਕਾ ਅਤੇ ਯੂਰਪ ਦੇ ਮੁਕਾਬਲੇ ਕਿਤੇ ਜਿਆਦਾ ਹੈ ਹਾਲਾਂਕਿ ਉਹਨਾਂ ਮੁਲਕਾਂ ਦੀ ਜਨਸੰਖਿਆ ਕੈਨੇਡਾ ਨਾਲੋਂ ਕਿਤੇ ਵੱਧ ਹੈ। ਉਹ ਕਿਹੜੀ ਮਜ਼ਬੂਰੀ ਹੈ ਕਿ ਲੋਕ ਆਪਣੀ ਜਾਨ ਨੂੰ ਖਤਰੇ ਵਿੱਚ ਪਾ ਕੇ ਡੋਨੇਸ਼ਨ ਬਕਸਿਆਂ ਵਿੱਚੋਂ ਚੋਰੀ ਕਰਨ ਦੀ ਜੁਰੱਅਤ ਕਰਦੇ ਹਨ। ਅਜਿਹੀਆਂ ਮੌਤਾਂ ਦਾ ਸ਼ਿਕਾਰ ਹੋਣ ਵਾਲੇ ਲੋਕ ਅਕਸਰ ਬੇਘਰੇ ਹੁੰਦੇ ਹਨ, ਨਸ਼ਿਆਂ ਦੇ ਆਦੀ ਹੁੰਦੇ ਹਨ ਅਤੇ ਗਰੀਬੀ ਤੋਂ ਪੀੜਤ ਹੁੰਦੇ ਹਨ। ਨਸ਼ਿਆਂ ਅਤੇ ਬੇਘਰੇ ਹੋਣ ਦਾ ਗਰੀਬੀ ਨਾਲ ਸਿੱਧਾ 2 ਸਬੰਧ ਹੈ।

ਗਰੀਬੀ ਦੀ ਗੱਲ ਕਰਦਿਆਂ ਸਾਨੂੰ ਪਤਾ ਹੈ ਕਿ ਯੂਨਾਈਟਡ ਵੇਅ ਆਫ ਗਰੇਟਰ ਟੋਰਾਂਟੋ ਦੀ ਤਾਜ਼ਾ ਰਿਪੋਰਟ ਮੁਤਾਬਕ ਜੇ 1980 ਵਿੱਚ ਪੀਲ ਰੀਜਨ ਦੇ 2% ਇਲਾਕਿਆਂ (ਨੇਬਰਹੁੱਡ) ਨੂੰ ਘੱਟ ਆਮਦਨ ਵਾਲੇ ਖਿਆਲਿਆ ਜਾਂਦਾ ਸੀ ਤਾਂ 2015 ਵਿੱਚ ਇਹ ਪ੍ਰਤੀਸ਼ਸ਼ਤਾ ਵੱਧ ਕੇ 52 ਹੋ ਗਈ ਹੈ। ਬਰੈਮਲੀ, ਨਾਈਟਨਬਰਿੱਜ (Knightsbridge) ਅਤੇ ਗੋਰ ਏਰੀਆ ਵਿਸ਼ੇਸ਼ ਕਰਕੇ ਗਰੀਬੀ ਵਾਲੇ ਸਮਝੇ ਜਾਂਦੇ ਹਨ। ਇਵੇਂ ਹੀ ਮਿਸੀਸਾਗਾ ਵਿੱਚ ਮਾਲਟਨ, ਕੁੱਕ-ਸਵਿੱਲ ਅਤੇ 401 ਅਤੇ 410 ਦੇ ਦਰਮਿਆਨ ਪੈਂਦੇ ਇਲਾਕੇ ਵੱਧ ਗਰੀਬੀ ਵਾਲੇ ਹਨ। ਟੋਰਾਂਟੋ ਵਿੱਚ ਵੀ ਗਰੀਬੀ ਦੀ ਦਰ ਤਕਰੀਬਨ ਇਹੋ ਹੀ ਪਾਈ ਜਾਂਦੀ ਹੈ।

ਪੀਲ ਖੇਤਰ ਨੂੰ ਪਰੀਪੇਖ ਵਿੱਚ ਰੱਖ ਕੇ ਗਰੀਬੀ ਦਾ ਜ਼ਿਕਰ ਕਰਨਾ ਇਸ ਲਈ ਲਾਜ਼ਮੀ ਹੈ ਕਿਉਂਕਿ 'ਮਰਦਾ ਕੀ ਨਾ ਕਰਦਾ' ਵਾਲੀ ਸਥਿਤੀ ਵਿੱਚ ਲੋਕੀ ਜਾਨ ਉੱਤੇ ਖੇਡ ਕੇ ਚੰਦ ਕੁ ਡਾਲਰਾਂ ਦੀ ਚੋਰੀ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੇ। ਬਰੈਂਪਟਨ ਦੇ ਕਈ ਇਲਾਕਿਆਂ ਵਿੱਚ ਵੱਧ ਰਹੀਆਂ ਚੋਰੀ ਦੀਆਂ ਵਾਰਦਾਤਾਂ ਵਿੱਚ ਨਸ਼ੇ, ਗਰੀਬੀ ਅਤੇ ਬੇਰੁਜ਼ਗਾਰੀ ਦਾ ਵੱਡਾ ਹੱਥ ਹੈ। ਦੁੱਖ ਹੈ ਕਿ ਕੋਈ ਇਹਨਾਂ ਵਿਸ਼ਿਆਂ ਉੱਤੇ ਗੱਲ ਕਰਨ ਨੂੰ ਤਿਆਰ ਨਹੀਂ। ਪਿਛਲੀਆਂ ਮਿਊਂਸੀਪਲ ਚੋਣਾਂ ਵਿੱਚ ਸਾਰੇ ਉਮੀਦਵਾਰ ਪੁਲੀਸ ਨਫ਼ਰੀ ਵਧਾਉਣ ਦੀ ਗੱਲ ਤਾਂ ਕਰਦੇ ਰਹੇ ਪਰ ਸਮੱਸਿਆ ਦੀ ਜੜ ਨੂੰ ਨਸ਼ਿਆਂ, ਗਰੀਬੀ ਆਦਿ ਨੂੰ ਛੂਹਣਾ ਨਹੀਂ ਚਾਹੁੰਦੇ। ਡੋਨੇਸ਼ਨ ਬਕਸਿਆਂ ਦੇ ਖਬਰਾਂ ਵਿੱਚ ਆ ਜਾਣ ਕਾਰਣ ਕੈਨੇਡਾ ਭਰ ਵਿੱਚ ਡੋਨੇਸ਼ਨ ਬਕਸੇ ਬਣਾਉਣੇ ਬੰਦ ਕਰਨ ਦੇ ਧੜਾਧੜ ਐਲਾਨ ਹੋ ਰਹੇ ਹਨ। ਪਰ ਸਮੱਸਿਆ ਦਾ ਹੱਲ ਡੋਨੇਸ਼ਨ ਬਕਸੇ ਬਣਾਉਣੇ ਬੰਦ ਕਰਨ ਵਿੱਚ ਨਹੀਂ ਹੈ ਸਗੋਂ ਗਰੀਬੀ ਅਤੇ ਨਸ਼ਿਆਂ ਨੂੰ ਪਹਿਲ ਦੇ ਆਧਾਰ ਉੱਤੇ ਦੂਰ ਕਰਨ ਵਿੱਚ ਹੈ।

## ਟਰੂਡੋ ਕੈਬਨਿਟ ਤੋਂ ਅਸਤੀਫਾ ਦੇਣ ਜਾ ਰਹੇ ਹਨ ਸਕੌਟ ਬ੍ਰਿਸਨ

...ਪੰਨਾ 1 ਦਾ ਬਾਕੀ

ਵੀਰਵਾਰ ਨੂੰ ਕੈਮਾਲੂਪਸ, ਬੀਸੀ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੂਡੋ ਨੇ ਆਖਿਆ ਕਿ ਮੈਂਬਰ ਪਾਰਲੀਆਮੈਂਟ ਵਜੋਂ ਸਕੌਟ ਬ੍ਰਿਸਨ ਨੇ ਜਿਹੜੀ ਵਿਲੱਖਣ ਸੇਵਾ ਨਿਭਾਈ ਹੈ ਉਸ ਲਈ ਉਹ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕਰਨਾ ਚਾਹੁੰਦੇ ਹਨ। ਟਰੂਡੋ ਨੇ ਦੱਸਿਆ ਕਿ ਬ੍ਰਿਸਨ ਕਈ ਸਰਕਾਰਾਂ ਵਿੱਚ ਮੰਤਰੀ ਰਹੇ। ਉਨ੍ਹਾਂ ਪੂਰੇ ਸਮਰਪਣ ਨਾਲ ਦੇਸ਼ ਪ੍ਰਤੀ ਆਪਣੀ ਸੇਵਾ ਨਿਭਾਈ। ਆਪਣੀ ਕਮਿਊਨਿਟੀ ਤੇ ਦੇਸ਼ ਦੇ ਬਿਹਤਰ ਭਵਿੱਖ ਲਈ ਵੀ ਉਨ੍ਹਾਂ ਨਿੱਠ ਕੇ ਕੰਮ ਕੀਤਾ।

ਇਸ ਤੋਂ ਪਹਿਲਾਂ ਕੀਤੇ ਗਏ ਟਵੀਟ ਵਿੱਚ ਟਰੂਡੋ ਨੇ ਨੋਵਾ ਸਕੋਸ਼ੀਆ ਤੇ ਕੈਨੇਡਾ ਲਈ ਅਣਥੱਕ ਸੇਵਾ ਨਿਭਾਉਣ ਬਦਲੇ ਉਨ੍ਹਾਂ ਦਾ ਸਨਮਾਨ ਕੀਤਾ। ਆਪਣੇ ਇਸ ਫੈਸਲੇ ਬਾਰੇ ਬ੍ਰਿਸਨ ਨੇ ਟਰੂਡੋ ਨੂੰ ਕ੍ਰਿਸਮਸ ਦੇ ਨੇੜੇ ਤੇੜੇ ਹੀ ਦੱਸ ਦਿੱਤਾ ਸੀ। ਉਨ੍ਹਾਂ ਹੁਣ ਆਖਿਆ ਕਿ ਉਨ੍ਹਾਂ ਨੂੰ ਆਪਣੇ ਇਸ ਫੈਸਲੇ ਉੱਤੇ ਕੋਈ ਪਛਤਾਵਾ ਨਹੀਂ ਹੈ।

## ਮਿਲਟਨ ਦੇ ਬਿਸ਼ਪ ਰੈਡਿੰਗ ਸਕੂਲ ਨੂੰ ਬੰਦ ਕੀਤੇ ਜਾਣ ਮਗਰੋਂ ਛੇ ਨੌਜਵਾਨ ਗ੍ਰਿਫਤਾਰ

...ਪੰਨਾ 1 ਦਾ ਬਾਕੀ

ਪੁਲਿਸ ਨੇ ਇੱਕ ਚਾਕੂ ਤੇ ਦੋ ਹਥਿਆਰ ਵੀ ਬਰਾਮਦ ਕੀਤੇ। ਇੱਕ ਹਥਿਆਰ ਤਾਂ ਅਸਲ ਹਥਿਆਰ ਦੀ ਨਕਲ ਸੀ ਪਰ ਦੂਜੇ ਹਥਿਆਰ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਮਾਮਲੇ ਵਿੱਚ ਹੋਰ ਕੋਈ ਮਸ਼ਕੂਕ ਅਜਿਹਾ ਨਹੀਂ ਹੈ ਜਿਸ ਖਿਲਾਫ ਕਾਰਵਾਈ ਨਾ ਹੋਈ ਹੋਵੇ। ਦੋ ਨੇੜਲੇ ਸਕੂਲਾਂ ਸੇਂਟ ਪੀਟਰ ਐਂਡ ਕ੍ਰਿਸ ਹੈਡਫੀਲਡ ਦੀ ਸੁਰੱਖਿਆ ਵੀ ਵਧਾਈ ਗਈ ਸੀ ਪਰ ਬਾਅਦ ਵਿੱਚ ਇਸ ਨੂੰ ਹਟਾ ਲਿਆ ਗਿਆ।

## ਪੰਚਾਇਤ ਚੋਣ ਦੀ ਕਿੜ ਵਿੱਚ ਫਾਇਰਿੰਗ ਨਾਲ ਇਕ ਜ਼ਖਮੀ, ਪੰਜਾਂ ਉੱਤੇ ਕੇਸ ਦਰਜ

ਆਦਮਪੁਰ, 10 ਜਨਵਰੀ (ਪੋਸਟ ਬਿਊਰੋ)- ਕੱਲਹ ਰਾਤ ਪਿੰਡ ਪੰਡੋਰੀ ਨਿੱਝਰਾਂ ਵਿੱਚ ਪੰਚਾਇਤੀ ਚੋਣਾਂ ਦੀ ਰੰਜਿਸ਼ ਦੇ ਕਾਰਨ ਹਾਰੇ ਹੋਏ ਉਮੀਦਵਾਰ ਨੇ ਆਪਣੇ ਗੁਆਂਢੀ ਪਰਵਾਰ ਉੱਤੇ ਗੋਲੀਆਂ ਚਲਾ ਦਿੱਤੀਆਂ। ਇਸ ਵਾਰਦਾਤ ਵਿੱਚ ਇਕ ਵਿਅਕਤੀ ਦੇ ਜ਼ਖਮੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।



ਸਥਾਨਕ ਸਰਕਾਰੀ ਹਸਪਤਾਲ ਵਿੱਚ ਦਾਖਲ ਅਮਰਜੀਤ ਸਿੰਘ ਪੁੱਤਰ ਅਮਰੀਕ ਸਿੰਘ ਪਿੰਡ ਪੰਡੋਰੀ ਨਿੱਝਰਾਂ ਨੇ ਦੱਸਿਆ ਕਿ ਪੰਚਾਇਤੀ ਚੋਣਾਂ ਵੇਲੇ ਪਿੰਡ ਵਾਸੀਆਂ ਨੇ ਸਰਬ ਸੰਮਤੀ ਨਾਲ ਪੰਚਾਇਤ ਚੁਣੀ ਸੀ। ਪਿੰਡ ਦੇ ਸਾਬਕਾ ਪੰਚ ਅਨੂਪ ਸਿੰਘ ਨੂਪੀ ਪੁੱਤਰ ਅਮਰਪਾਲ ਸਿੰਘ ਨੇ ਇਸ ਦਾ ਵਿਰੋਧ ਕੀਤਾ ਤੇ ਆਪਣੇ ਉਮੀਦਵਾਰ ਖੜ੍ਹੇ ਕੀਤੇ। ਵੋਟਾਂ ਦੌਰਾਨ ਸਾਰੇ ਉਮੀਦਵਾਰਾਂ ਨਾਲ ਉਹ ਆਪ ਵੀ ਹਾਰ ਗਿਆ। ਅਮਰਜੀਤ ਨੇ ਕਿਹਾ ਕਿ ਉਸ ਨੇ ਵੋਟਾਂ ਵਿੱਚ ਅਨੂਪ ਸਿੰਘ ਦਾ ਸਾਥ ਨਹੀਂ ਦਿੱਤਾ। ਇਸ ਰੰਜਿਸ਼ ਕਾਰਨ ਰਾਤ ਸ਼ਰਾਬ ਪੀ ਕੇ ਨੂਪੀ, ਇਸ ਦਾ ਜੀਜਾ ਸੁਖਵਿੰਦਰ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਹੁਸੈਨਪੁਰ, ਟਾਂਡਾ, ਬਲਜਿੰਦਰ ਸਿੰਘ ਪੁੱਤਰ ਹਰਭਜਨ ਸਿੰਘ ਵਾਸੀ ਭੋਗਪੁਰ ਨਾਲ ਦੋ ਅਣਪਛਾਤੇ ਵਿਅਕਤੀਆਂ ਨੇ ਹੱਥਾਂ ਵਿੱਚ ਹਥਿਆਰ ਲੈ ਕੇ ਘਰ ਅੱਗੇ ਲਲਕਾਰੇ ਮਾਰੇ ਤੇ ਮੈਨੂੰ ਘਰ ਤੋਂ ਬਾਹਰ ਆਉਣ ਲਈ ਕਿਹਾ। ਵਿਰੋਧ ਕਰਨ ਉੱਤੇ ਸਾਬਕਾ ਪੰਚ ਨੂਪੀ ਨੇ ਪਿਸਤੌਲ ਨਾਲ ਗੇਟ ਵਿੱਚ ਗੋਲੀ ਮਾਰੀ ਅਤੇ ਜਬਰੀ ਘਰ ਵਿੱਚ ਵੜ ਕੇ ਮੇਰੇ ਉਤੇ ਹਮਲਾ ਕਰ ਦਿੱਤਾ। ਉਸ ਦੀ ਚਲਾਈ ਗੋਲੀ ਮੇਰੀ ਬਾਂਹ ਉੱਤੇ ਲੱਗੀ ਤੇ ਮੈਂ ਘਰ ਦੀ ਕੰਧ ਟੱਪ ਕੇ ਜਾਨ ਬਚਾਈ। ਡੀ ਐਸ ਪੀ ਸੁਰਿੰਦਰ ਕੁਮਾਰ ਨੇ ਦੱਸਿਆ ਕਿ ਅਮਰਜੀਤ ਸਿੰਘ ਦੇ ਬਿਆਨਾ ਤੇ ਪੰਜ ਜਣਿਆਂ ਖਿਲਾਫ ਕੇਸ ਦਰਜ ਕਰ ਲਿਆ ਹੈ। ਦੋਸ਼ੀ ਅਨੂਪ ਸਿੰਘ ਨੂਪੀ ਤੇ ਪਹਿਲਾ ਵੀ ਵੱਖ-ਵੱਖ ਅਪਰਾਧਿਕ ਮਾਮਲੇ ਦਰਜ ਹਨ।

ਪੰਜਾਬੀ ਪੋਸਟ
Canadian Punjabi Post

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

Founder Editor - Jagdish Singh Grewal
Managing Director - Parminder Kaur Grewal
Honorary Editor - Jatinder Pannu
Contributing Editors - Karam Singh Punia - Gyan Singh - Angrej Singh
Office Admin Assistant - Priya Sodhi
Marketing Executives - HS Nagpal - Gurpreet Singh Pall -
Photographer - Kanwaljit Singh Kanwal
Distribution - Aman Warriach

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਪੁਲਸ ਪ੍ਰਸ਼ਾਸਨ 'ਤੇ ਆਪਣੇ ਹੀ ਮੁਲਾਜ਼ਮਾਂ ਦਾ ਰਿਕਾਰਡ ਚੋਰੀ ਕਰਕੇ ਬੋਗਸ ਤਿਆਰ ਕਰਨ ਦੇ ਦੋਸ਼

ਲੁਧਿਆਣਾ, 9 ਜਨਵਰੀ (ਪੋਸਟ ਬਿਊਰੋ)- ਪੰਜਾਬ ਪੁਲਸ ਵੱਲੋਂ ਆਪਣੇ ਹੀ ਮੁਲਾਜ਼ਮਾਂ ਦੀ ਨੌਕਰੀ ਨਾਲ ਸਬੰਧਤ ਰਿਕ-ਾਰਡ ਨੂੰ ਚੋਰੀ ਕਰਕੇ ਉਸ ਦੀ ਥਾਂ ਬੋਗਸ ਰਿਕਾਰਡ ਤਿਆਰ ਕਰਨ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਇੰਡਸਟਰੀਅਲ ਏਰੀਆ ਬੀ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਲੋਕ ਇਨਸਾਫ ਪਾਰਟੀ ਦੇ ਲੋਕ ਸਭਾ ਹਲਕਾ ਫਰੀਦਕੋਟ ਦੇ ਮੁੱਖ ਬੁਲਾਰੇ ਤੇ ਸਾਬਕਾ ਸਬ ਇੰਸਪੈਕਟਰ ਕ੍ਰਿਸ਼ਨ ਲਾਲ ਸਮੇਤ ਪੰਜਾਬ ਪੁਲਸ ਦੇ ਆਈ ਟੀ ਐਂਡ ਟੀ ਵਿੰਗ ਦੇ ਸਾਬਕਾ ਅਧਿਕਾਰੀਆਂ ਨੇ ਆਪਣੇ ਹੀ ਮਹਿਕਮੇ ਦੀ ਕਾਰਗੁਜ਼ਾਰੀ 'ਤੇ ਗੰਭੀਰ ਸਵਾਲ ਖੜੇ ਕਰਦਿਆਂ ਦੱਸਿਆ ਕਿ ਉਨ੍ਹਾਂ ਨੂੰ ਬਣਦੀ ਤਰੱਕੀ ਨਹੀਂ ਸੀ ਮਿਲੀ। ਜਦੋਂ ਉਨ੍ਹਾਂ ਮਹਿਕਮੇ ਤੋਂ ਤਰੱਕੀ ਦੀ ਮੰਗ ਕੀਤੀ ਤਾਂ ਇਹ ਸਨਸਨੀਖੇਜ਼ ਗੱਲ ਸਾਹਮਣੇ ਆਈ ਕਿ ਹਜ਼ਾਰਾਂ ਮੁਲਾਜ਼ਮਾਂ ਦਾ ਨੌਕਰੀ ਵਾਲਾ ਰਿਕਾਰਡ ਚੋਰੀ ਕੀਤਾ ਜਾ ਚੁੱਕਾ ਹੈ। ਉਨ੍ਹਾਂ ਵੱਲੋਂ ਕੇਸ ਉਚ ਅਧਿਕਾਰੀਆਂ ਦੇ ਧਿਆਨ 'ਚ ਲਿਆਉਣ ਤੋਂ ਬਾਅਦ ਕੁਝ ਅਧਿਕਾਰੀਆਂ ਨੇ ਹੇਠਲੇ ਮੁਲਾਜ਼ਮਾਂ ਨਾਲ ਮਿਲ ਕੇ ਬੋਗਸ ਰਿਕਾਰਡ ਤਿਆਰ ਕੀਤਾ ਜਿਸ 'ਚ ਕਈ ਸੀਨੀਅਰ ਅਧਿਕਾਰੀਆਂ ਦੇ ਅਹੁਦੇ ਘਟਾ ਦਿੱਤੇ, ਜਦ ਕਿ ਮਿਲੀਭੁਗਤ ਰਾਹੀਂ ਕਈ ਜੂਨੀਅਰ ਅਧਿਕਾਰੀਆਂ ਨੂੰ ਸੀਨੀਅਰ ਬਣਾ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਚੰਡੀਗੜ੍ਹ ਵਿਖੇ ਰਿਕਾਰਡ ਚੋਰੀ ਬਾਰੇ ਪੁਲਸ ਨੇ 2017 'ਚ ਮਾਮਲਾ ਵੀ ਦਰਜ ਕਰ ਲਿਆ ਪਰ ਅਜੇ ਤੱਕ ਦੋਸ਼ੀ ਨਹੀਂ ਫੜੇ। ਪੀੜਤ ਅਧਿਕਾਰੀਆਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਮੰਗ ਕੀਤੀ ਕਿ ਜੇ ਇਮਾਨਦਾਰ ਅਧਿਕਾਰੀਆਂ ਤੋਂ ਇਸ ਪੂਰੇ ਮਾਮਲੇ ਦੀ ਜਾਂਚ ਕਰਵਾਈ ਜਾਵੇ ਤਾਂ ਕਰੀਬ 100 ਕਰੋੜ ਦਾ ਘਪਲਾ ਉਜਾਗਰ ਹੋ ਸਕਦਾ ਹੈ, ਕਿਉਂਕਿ ਅਨੇਕਾਂ ਜੂਨੀਅਰ ਅਧਿਕਾਰੀਆਂ ਨੂੰ ਸੀਨੀਅਰ ਬਣਾ ਕੇ ਪੁਲਸ ਪ੍ਰਸ਼ਾਸਨ ਹੀ ਪੁਲਸ ਦੇ ਖਜ਼ਾਨੇ ਨੂੰ ਰਗੜਾ ਲਗਾ ਰਹੇ ਹਨ।

## ਕਾਂਗਰਸ ਦਾ ਬੁਲਾਰਾ ਰਣਦੀਪ ਸੂਰਜੇਵਾਲਾ ਜੀਂਦ ਵਿੱਚੋਂ ਉਪ ਚੋਣ ਲੜਨ ਲੱਗਾ

ਚੰਡੀਗੜ੍ਹ, 10 ਜਨਵਰੀ (ਪੋਸਟ ਬਿਊਰੋ)- ਜੀਂਦ ਵਿਧਾਨ ਸਭਾ ਸੀਟ ਉੱਤੇ 28 ਜਨਵਰੀ ਨੂੰ ਹੋਣ ਵਾਲੀ ਉਪ ਚੋਣ ਵਿੱਚ ਕਾਂਗਰਸ ਪਾਰਟੀ ਦੇ ਮੀਡੀਆ ਸੈਲ ਦੇ ਕੌਮੀ ਇੰਚਾਰਜ ਰਣਦੀਪ ਸੁਰਜੇਵਾਲਾ ਕਾਂਗਰਸ ਉਮੀਦਵਾਰ ਹੋਣਗੇ।

ਕਾਂਗਰਸ ਪਾਰਟੀ ਦੀ ਦਿੱਲੀ ਵਿੱਚ ਹੋਈ ਮੀਟਿੰਗ ਪਿੱਛੋਂ ਕਾਂਗਰਸ ਚੋਣ ਕਮੇਟੀ ਦੇ ਬੁਲਾਰੇ ਕੇ ਸੀ ਵੇਣੂਗੋਪਾਲ ਨੇ ਕਿਹਾ ਕਿ ਉਮੀਦਵਾਰ ਦਾ ਨਾਮ ਹਾਈ ਕਮਾਨ ਨੂੰ ਭੇਜ ਦਿੱਤਾ ਗਿਆ ਹੈ। ਉਂਜ ਇਸ ਮੀਟਿੰਗ ਦੇ ਬਾਅਦ ਵੀ ਨਾਮ ਉੱਤੇ ਸਸਪੈਂਸ ਕਾਇਮ ਰਿਹਾ ਸੀ। ਫਿਰ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੀ ਸਹਿਮਤੀ ਮਗਰੋਂ ਰਣਦੀਪ ਸੂਰਜੇਵਾਲਾ ਦਾ ਨਾਮ ਐਲਾਨ ਕਰਕੇ ਕਾਂਗਰਸ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਦੂਸਰੇ ਪਾਸੇ ਭਾਜਪਾ ਨੇ ਜੀਂਦ ਉਪ ਚੋਣ ਵਾਸਤੇ ਕ੍ਰਿਸ਼ਨਾ ਮਿੱਡਾ ਨੂੰ ਪਾਰਟੀ ਉਮੀਦਵਾਰ ਬਣਾਇਆ ਹੈ। ਕ੍ਰਿਸ਼ਨ ਮਿੱਡਾ ਮਰਹੂਮ ਵਿਧਾਇਕ ਡਾ. ਹਰੀਚੰਦ ਮਿੱਡਾ ਦੇ ਪੁੱਤਰ ਹਨ ਅਤੇ ਕੁਝ ਮਹੀਨੇ ਪਹਿਲਾਂ ਉਹ ਇਨੈਲੋ ਪਾਰਟੀ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਏ ਸਨ। ਡਾ. ਹਰੀਚੰਦ ਮਿੱਡਾ ਦੇ ਦੇਹਾਂਤ ਦੇ ਕਾਰਨ ਹੀ ਇਹ ਵਿਧਾਨ ਸਭਾ ਸੀਟ ਖਾਲੀ ਹੋਈ ਸੀ।





## ਟਾਟਾ 407 ਦੀ ਟੱਕਰ ਨਾਲ ਮੋਟਰ ਸਾਈਕਲ ਸਵਾਰ ਨੌਜਵਾਨ ਦੀ ਮੌਤ




ਮਕਸੂਦਾਂ, 10 ਜਨਵਰੀ (ਪੋਸਟ ਬਿਊਰੋ)- ਪਠਾਨਕੋਟ ਰੋਡ ਉੱਤੇ ਕਾਹਨਪੁਰ ਪਿੰਡ ਨੇੜੇ ਇਕ ਸੜਕ ਹਾਦਸੇ 'ਚ ਟਾਟਾ 407 ਦੀ ਟੱਕਰ ਨਾਲ ਇਕ ਮੋਟਰ ਸਾਈਕਲ ਸਵਾਰ ਨੌਜਵਾਨ ਦੀ ਮੌਤ ਹੋ ਗਈ। ਉਸ ਦੀ ਪਛਾਣ ਪ੍ਰਿੰਸ ਸ਼ਰਮਾ ਪੁੱਤਰ ਅਸ਼ਵਨੀ ਸ਼ਰਮਾ ਵਾਸੀ ਬਸਤੀ ਸ਼ੇਖ ਦੇ ਤੌਰ 'ਤੇ ਹੋਈ ਹੈ। ਇਸ ਦੀ ਜਾਣਕਾਰੀ ਦਿੰਦੇ ਹੋਏ ਥਾਣਾ ਮਕਸੂਦਾਂ ਦੇ ਏ ਐਸ ਆਈ ਦਲਜੀਤ ਸਿੰਘ ਨੇ ਦੱਸਿਆ ਕਿ ਟਾਟਾ 407 ਦਾ ਨੰਬਰ ਘਟਨਾ ਦੇ ਮੌਕੇ 'ਤੇ ਇਕੱਠੇ ਹੋਏ ਲੋਕਾਂ ਨੇ ਨੋਟ ਕੀਤਾ ਸੀ। ਗੱਡੀ ਚਾਲਕ ਮੌਕੇ ਤੋਂ ਗੱਡੀ ਸਣੇ ਫਰਾਰ ਹੋ ਗਿਆ। ਪੁਲਸ ਨੇ ਅਣਪਛਾਤੇ ਖਿਲਾਫ ਮਾਮਲਾ ਦਰਜ ਕਰ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਮਿਲੀ ਜਾਣਕਾਰੀ ਅਨੁਸਾਰ ਪ੍ਰਿੰਸ ਆਪਣੇ ਮਾਂ ਪਿਉ ਦਾ ਇਕਲੌਤਾ ਪੁੱਤਰ ਸੀ ਤੇ ਫੋਟੋ ਸਟੇਟ ਮਸ਼ੀਨਾਂ ਠੀਕ ਕਰਨ ਦਾ ਕੰਮ ਕਰਦਾ ਸੀ।






## ਕਹਾਣੀ

# ਮੈਨੂੰ ਸਭ ਪਤਾ

-ਜਿੰਦਰ-

ਅੱਜ ਕੱਲ੍ਹ ਉਸ ਨੂੰ ਵਾਰ-ਵਾਰ ਭੁਲੇਖੇ ਜਿਹੇ ਪੈਂਦੇ ਰਹਿੰਦੇ ਹਨ। ਹੁਣੇ-ਹੁਣੇ ਉਹਨੂੰ ਲੱਗਾ ਜਿੱਦਾਂ ਕਮਰੇ 'ਚ ਕੋਈ ਆਇਆ ਹੋਵੇ। ਉਹਨੇ ਹੱਥ 'ਚ ਫੜਿਆ ਗਲਾਸ ਸਟੂਲ 'ਤੇ ਰੱਖ ਦਿੱਤਾ। ਚਹੁੰ ਪਾਸੀਂ ਨਜ਼ਰਾਂ ਘੁੰਮਾਈਆਂ। ਕਮਰੇ 'ਚ ਨੀਮ ਹਨੇਰਾ ਹੈ। ਉਹ ਘੁੰਮ ਕੇ ਪਿਛਾਂਹ ਨੂੰ ਦੇਖਦੀ ਹੈ। ਕਿਤੇ ਵੀ ਕੋਈ ਨਹੀਂ। ਉਹਨੇ ਬਾਹਰਲੀ ਤਾਕੀ ਖੋਲ੍ਹ ਦਿੱਤੀ। ਕਮਰੇ 'ਚ ਲੋਅ ਹੁੰਦਿਆਂ ਸਾਰ ਉਸ ਦੀਆਂ ਨਜ਼ਰਾਂ ਸਾਹਮਣੇ ਵਾਲੀ ਕੰਧ 'ਤੇ ਟਿਕ ਗਈਆਂ। ਇਥੇ ਉਨ੍ਹਾਂ ਚਹੁੰ ਜਣਿਆਂ ਦੀ ਫੋਟੋ ਲੱਗੀ ਹੁੰਦੀ ਸੀ। ਹੁਣ ਇਹ ਉਥੇ ਨਹੀਂ। ਇਥੇ ਉਸੇ ਸ਼ੀਸ਼ੇ 'ਚ ਸੁਰਜੀਤ ਦੇ ਪਰਵਾਰ ਦੀ ਫੋਟੋ ਲੱਗੀ ਹੈ। ਉਨ੍ਹਾਂ ਦੀ ਫੋਟੋ ਕਿੱਥੇ ਗਈ? ਇਸ ਗੱਲ ਦਾ ਉਹਨੂੰ ਕੋਈ ਨਹੀਂ ਪਤਾ। ਪਤਾ ਨਹੀਂ ਕਿੰਨੇ ਚਿਰ ਬਾਅਦ ਉਸ ਦਾ ਧਿਆਨ ਇਸ ਪਾਸੇ ਗਿਆ ਸੀ।

ਇਹ ਫੋਟੋ ਚੰਨਣ ਨੇ ਸਟੇਸ਼ਨ ਤੋਂ ਘਰ ਨੂੰ ਜਾਂਦਿਆਂ ਕਮਲ ਫੋਟੋਗ੍ਰਾਫਰ ਕੋਲੋਂ ਖਿਚਵਾਈ ਸੀ। ਉਹ ਵੀ ਸਬੱਬੀਂ ਹੀ। ਹੋਇਆ ਇਹ ਕਿ ਭਰਵਾਂ ਮੀਂਹ ਪੈਣ ਕਰਕੇ ਉਨ੍ਹਾਂ ਨੂੰ ਬਾਜ਼ਾਰ ਵਿੱਚ ਦੀ ਜਾਣਾ ਪਿਆ। ਕਮਲ ਫੋਟੋਗ੍ਰਾਫਰ ਕੋਲ ਆ ਕੇ ਚੰਨਣ ਨੇ ਸੁਲਾਹ ਮਾਰੀ, 'ਬੋਲਦੀ ਨ੍ਹੀਂ, ਇਕ ਆਪਣੇ ਪਰਵਾਰ ਦੀ ਫੋਟੋ ਨਾ ਖਿਚਵਾ ਲਈਏ? ਯਾਦ ਰਹੂ। ਜਦੋਂ ਨਿਆਣੇ ਵੱਡੇ ਹੋ ਗਏ ਤਾਂ ਦੇਖਿਆ ਕਰਨਗੇ ਕਿ ਛੋਟੇ ਹੁੰਦਿਆਂ ਕਿੱਦਾਂ ਦੇ ਹੁੰਦੇ ਸੀ।'

ਉਹਨੇ ਪੁੱਛਿਆ, 'ਫੋਟੋ ਜੋਗੇ ਪੈਸੇ ਹੈਗੇ ਐ?'

ਚੰਨਣ ਨੇ ਦੱਸਿਆ, 'ਅੱਧੇ ਕੁ ਹੈਗੇ। ਅੱਧੇ ਜਿੱਦਣ ਫੋਟੋ ਮਿਲੀ ਦੇ ਦੇਵਾਂਗਾ।'

ਉਹ ਬੋਲੀ, 'ਫੇਰ ਠੀਕ ਐ। ਆਪਣੀ ਵੀ ਕੋਈ ਫੋਟੋ ਨ੍ਹੀਂ।'

ਉਹ ਅੰਦਰ ਫੋਟੋ ਖਿਚਵਾਉਣ ਲਈ ਵੜੇ ਤਾਂ ਬਲਵੰਤ ਕਹਿਣ ਲੱਗਾ, 'ਮੈਂ ਬੀਬੀ ਕੋਲ ਬੈਠਣੈ।' ਸੁਰਜੀਤ ਜ਼ਿੱਦ ਕਰ ਗਿਆ, 'ਨ੍ਹੀਂ ਮੈਂ ਬੈਠਣੈ।' ਚੰਨਣ ਨੇ ਲਾਲਚ ਦੇ ਕੇ ਬਲਵੰਤ ਨੂੰ ਪੱਟਾਂ 'ਤੇ ਬਿਠਾਇਆ। ਉਹਨੇ ਕਿਹਾ, 'ਜਿੱਦਾਂ-ਜਿੱਦਾਂ ਬੱਚੇ ਵੱਡੇ ਹੋਈ ਜਾਂਦੇ ਐ, ਸਾਨੂੰ ਉਨ੍ਹਾਂ ਦਾ ਚਿਹਰਾ ਭੁੱਲੀ ਜਾਂਦਾ। ਹੁਣ ਵਾਲਾ ਦਿੱਸਦਾ।'

ਉਹ ਬੋਲੀ, 'ਤੈਨੂੰ ਭੁੱਲਦਾ ਹੋਊ। ਮੈਨੂੰ ਤਾਂ ਓਦਾਂ ਦੇ ਹੀ ਦਿੱਸਦੇ ਐ।'

ਕਿੰਨੀ ਛੇਤੀ ਕਿੰਨਾ ਕੁਝ ਬੀਤ ਗਿਆ। ਹੁਣ ਉਹ ਆਪ ਪੋਤੇ, ਪੋਤੀ ਤੇ ਦੋਹਤੀ ਵਾਲੀ ਬਣ ਗਈ ਹੈ। ਉਹਨੂੰ ਸੂਤੜੀ ਦਾ ਖਿਆਲ ਆਇਆ। ਅਜੇ ਇਕੋ ਪਿੰਨਾ ਬਣਿਆ ਸੀ। ਮੰਜੇ ਲਈ ਚਾਰ ਪਿੰਨਿਆਂ ਦੀ ਲੋੜ ਹੈ। ਸਿਰਹਾਣੇ ਵਾਲੇ ਪਾਸੇ ਪਏ ਪਿੰਨੇ ਨੂੰ ਚੁੱਕਣ ਲਈ ਉਸ ਦੀ ਰੂਹ ਰਾਜ਼ੀ ਨਾ ਹੋਈ। ਕਿਹੜੀ ਕਾਹਲੀ ਪਈ ਹੈ। ਮਾੜੇ ਜਿਹੇ ਦਿਨ ਖੁੱਲ੍ਹ ਜਾਣ, ਉਸ ਦਸ ਦਿਨਾਂ 'ਚ ਕੰਮ ਨਬੇੜ ਦੇਣਾ। ਘਰ 'ਚ ਕੋਈ ਮੰਜਾ ਨਹੀਂ। ਕਮਰੇ ਤੋਂ ਬਾਹਰ ਕੋਈ ਸੌਂਦਾ ਨਹੀਂ। ਇਹ ਉਸ ਵਿਹਲੀ ਬੈਠੀ ਨੇ, ਘਰ ਦੇ ਪੁਰਾਣੇ ਲੀੜੇ ਤੇ ਨਵੀਆਂ ਲੀਰਾਂ ਲੈ ਕੇ ਸੂਤੜੀ ਵਟਣੀ ਸ਼ੁਰੂ ਕਰ ਦਿੱਤੀ ਸੀ ਕਿ ਚਲੋ ਧੀ ਜੀਤੋ ਦੇ ਕੰਮ ਆ ਜਾਣਗੇ। ਕਿੰਨਾ ਮੁਲਾਇਮ ਹੁੰਦਾ ਹੈ ਲੀਰਾਂ ਦੀ ਸੂਤੜੀ ਦਾ ਮੰਜਾ। ਦਰੀ ਜਾਂ ਚਾਦਰ ਵਿਛਾਉਣ ਦੀ ਲੋੜ ਹੀ ਨਹੀਂ ਪੈਂਦੀ।

ਇਧਰ ਚਾਹ ਠੰਢੀ ਹੋ ਰਹੀ ਹੈ, ਉਧਰ ਉਸ ਦੀ ਬੇਚੈਨੀ ਵਧਦੀ ਜਾਂਦੀ ਹੈ। ਉਸ ਕਈ ਵਾਰ ਚਾਹ ਦੇ ਗਲਾਸ ਨੂੰ ਹੱਥ ਲਾ ਕੇ ਦੇਖਿਆ ਕਿ ਕਿਤੇ ਜ਼ਿਆਦਾ ਠੰਢੀ ਤਾਂ ਨਹੀਂ ਹੋ ਗਈ। ਪਹਿਲਾਂ ਉਸ ਅੰਦਰ ਵੱਲ ਦੇਖਿਆ ਕਿ ਕਿਤੇ ਸਾਹ-ਮਣੇ ਸੁਨੀਤਾ ਤਾਂ ਨਹੀਂ ਬੈਠੀ। ਫੇਰ ਉਹ ਬਾਹਰਲੇ ਦਰਵਾਜ਼ੇ ਕੋਲ ਆਈ ਇਹ ਦੇਖਣ ਲਈ ਕਿ ਕੀ ਬਲਵੰਤ ਕੋਲ ਬੈਠਾ ਮੋਹਣਾ ਚਲਾ ਗਿਆ ਜਾਂ ਨਹੀਂ। ਠੰਢੇ ਬੁੱਲੇ, ਨਾਲ ਉਸ ਨੂੰ ਕੰਬਣੀ ਛਿੜੀ। ਉਸ ਸ਼ਾਲ ਦੀ ਬੁੱਕਲ ਨੂੰ ਹੋਰ ਕਸ ਲਿਆ। ਮੋਹਣੇ ਨੂੰ ਬੈਠਾ ਦੇਖ ਕੇ ਮਨ ਵਿੱਚ ਆਪਣੇ ਆਪ ਕੋਲੋਂ ਪੁੱਛਿਆ, 'ਇਹ ਕਿਹੜੀ ਰਾਮ ਕਹਾਣੀ ਛੇੜੀ ਬੈਠੇ ਐ? ਮੋਹਣਾ ਅਜੇ ਤਾਈਂ ਗਿਆ ਕਿਉਂ ਨ੍ਹੀਂ? ਕੀ ਇਹ ਅੱਜ ਵੀ ਵਿਹਲਾ ਐ? ਜੇ ਇਹ ਵਿਹਲਾ ਐ ਤਾਂ ਬਲਵੰਤ ਨੂੰ ਕੰਮ ਕਰਨ ਦੇਵੇ..।' ਉਹ ਇਸ ਆਸ 'ਚ ਬੈਠੀ ਸੀ ਕਿ ਗਲਾਸ ਵਿਚਲੀ ਅੱਧੀ ਚਾਹ ਪਹਿਲਾਂ ਬਲਵੰਤ ਪੀ ਲਵੇ ਤੇ ਬਾਕੀ ਦੀ ਉਹ ਪੀ ਲਵੇਗੀ। ਉਸ ਕੋਲੋਂ ਇਸ ਵੇਲੇ ਇਕੱਲਿਆਂ ਚਾਹ ਨਹੀਂ ਪੀਤੀ ਜਾਂਦੀ। ਉਸ ਦੀ ਇੱਛਾ ਹੁੰਦੀ ਹੈ ਕਿ ਉਹ ਬਲਵੰਤ ਕੋਲ ਬੈਠ ਕੇ ਉਹਨੂੰ ਚਾਹ ਪੀਂਦਿਆਂ ਨੂੰ ਦੇਖੇ। ਫੇਰ ਹੀ ਆਪ ਵੀ ਪੀਵੇ।

ਬਲਵੰਤ ਚਿਮਟੀਆਂ ਦੇ ਨੱਕੇ ਸਿੱਧੇ ਕਰ ਰਿਹਾ ਹੈ। ਉਸ ਨੀਵੀਂ ਪਾਈ ਹੋਈ ਹੈ। ਇਕ ਵਾਰ ਵੀ ਧੌਣ ਚੁੱਕ ਕੇ ਇਸ ਪਾਸੇ ਵੱਲ ਨਹੀਂ ਦੇਖਿਆ। ਉਸ ਨੂੰ ਇਸ ਗੱਲ ਦਾ ਪਤਾ ਨਹੀਂ ਲੱਗਾ ਕਿ ਉਹ ਦੋ ਤਿੰਨ ਗੇੜੇ ਮਾਰ ਚੁੱਕੀ ਹੈ। ਉਹ ਮੋਹਣੇ ਨਾਲ ਗੱਲੀਂ ਲੱਗਾ ਹੋਇਐ। ਉਹ ਨੌਂ ਕੁ ਵਜੇ ਅਸ਼ੋਕ ਦੇ ਕਾਰਖਾਨੇ ਆਉਂਦਾ। ਚੜ੍ਹਦੇ ਵਾਲੇ ਪਾਸੇ ਵੱਲ ਬੋਰੀ ਵਿਛਾ ਕੇ ਬੈਠ ਜਾਂਦਾ। ਉਸ ਦੇ ਅੱਗੇ ਸਾਨ, ਹਥੌੜਾ ਤੇ ਚਿਮਟੀਆਂ ਦੀ ਢੇਰੀ ਪਈ ਹੁੰਦੀ। ਉਹ ਰੋਜ਼ ਲੁਹਾਂਡੇ 'ਚ ਅੱਗ ਬਾਲ ਕੇ ਉਸ ਅੱਗੇ ਰੱਖ ਦਿੰਦੀ। ਬਲਵੰਤ ਉਸ ਨੂੰ ਅਕਸਰ ਟੋਕਦਾ, 'ਤੂੰ ਕਾਹਤੋਂ ਮੇਰਾ ਐਨਾ ਫਿਕਰ ਕਰਦੀ ਐ। ਕੰਮ 'ਚ ਲੱਗਿਆਂ ਮੈਨੂੰ ਠੰਢ ਦਾ ਚੇਤਾ ਹੀ ਨ੍ਹੀਂ ਰਹਿੰਦਾ।' ਉਹ ਬਲਵੰਤ ਦੀ ਗੱਲ ਵੱਲ ਧਿਆਨ ਨਾ ਦਿੰਦੀ। ਉਸ ਤਾਂ ਇਹਦੀ ਰੁਟੀਨ ਹੀ ਬਣਾ ਰੱਖੀ ਹੈ। ਘਰ ਦੇ ਸਾਹਮਣੇ ਪੈਂਦੀ ਜੱਸੇ ਦੀ ਫੈਕਟਰੀ 'ਚੋਂ ਕੁਝ ਫੱਟੀਆਂ ਮੰਗ ਕੇ ਲੈ ਆਉਂਦੀ। ਕੁਝ ਅੱਖ ਬਚਾ ਕੇ ਜਾਂ ਕਿਸੇ ਨਿਆਣੇ ਨੂੰ ਭੇਜ ਕੇ ਸਵੇਰ ਦਾ ਬੰਦੋਬ-ਸਤ ਕਰ ਲੈਂਦੀ। ਇਨ੍ਹਾਂ ਫੱਟੀਆਂ ਨੂੰ ਉਹ ਮੰਜੇ ਹੇਠਾਂ ਨੂੰ ਕਰਕੇ ਰੱਖ ਦਿੰਦੀ। ਜਦੋਂ ਉਸ ਨੂੰ ਅੰਦਰ ਬੈਠੀ ਨੂੰ ਠੰਢ ਲੱਗਦੀ ਹੈ, ਬਾਹਰ ਬੈਠੇ ਬਲਵੰਤ ਨੂੰ ਕਿਉਂ ਨਹੀਂ ਲੱਗਦੀ ਹੋਵੇਗੀ। ਅੱਜ ਪੱਛਮ ਵੱਲੋਂ ਠੱਕਾ ਵਗਣ ਨਾਲ ਠੰਢ ਕੁਝ ਜ਼ਿਆਦਾ ਵਧ ਗਈ ਸੀ।

ਕੋਈ ਵੀ ਚੀਜ਼ ਖਾਣ ਲੱਗਿਆਂ ਉਹਨੂੰ ਬਲਵੰਤ ਦਾ ਖਿਆਲ ਆ ਜਾਂਦਾ। ਉਹ ਆਪਣੇ ਹਿੱਸੇ 'ਚੋਂ ਬਲਵੰਤ ਦਾ ਹਿੱਸਾ ਰੱਖ ਲੈਂਦੀ ਜਾਂ ਉਸੇ ਵੇਲੇ ਚੀਜ਼ ਹੱਥ 'ਚ ਫੜ ਕੇ ਉਸ ਕੋਲ ਆ ਬੈਠਦੀ। ਪਹਿਲਾਂ ਦੋਵੇਂ ਭਰਾ 'ਕੱਠੇ ਰਹਿੰਦੇ ਸਨ। ਘਰ 'ਚ ਬਹੂਆਂ ਦੀ ਤੂੰ-ਤੂੰ, ਮੈਂ-ਮੈਂ ਵਧ ਗਈ ਤਾਂ ਉਹ ਅੱਡ ਹੋ ਗਏ। ਛੋਟੇ ਸੁਰਜੀਤ ਦੇ ਹਿੱਸੇ ਇਹ ਘਰ ਆਇਆ। ਬਲਵੰਤ ਨੇ ਕ੍ਰਿਸ਼ਨਾ ਕਲੋਨੀ 'ਚ ਬਣਿਆ ਬਣਾਇਆ ਮਕਾਨ ਖਰੀਦ ਲਿਆ।

ਰਾਤ ਦੀ ਗਈ ਬਿਜਲੀ ਆਈ ਤਾਂ ਟੀ ਵੀ ਚੱਲ ਪਿਆ। ਰਾਤੀਂ ਸੁਰਜੀਤ ਚੱਲਦਾ ਛੱਡ ਗਿਆ ਸੀ। ਕਿਸੇ ਚੈਨਲ ਤੋਂ ਸਰਵਣ ਦੀ ਕਹਾਣੀ ਦਿਖਾਈ ਜਾ ਰਹੀ ਹੈ। ਐਂਕਰ ਦੱਸ ਰਿਹਾ ਹੈ, 'ਸਰਵਨ ਕਦੇ ਮਰਦਾ ਨ੍ਹੀਂ। ਜਦੋਂ ਤੱਕ ਬੱਚਿਆਂ 'ਚ ਮਾਂ ਪਿਓ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਰਹੇਗੀ, ਉਹ ਮਰ ਨ੍ਹੀਂ ਸਕਦਾ। ਅਜਿਹਾ ਹੀ ਇਕ ਸਰਵਣ ਉਤਰ ਪ੍ਰਦੇਸ਼ ਦੇ ਜ਼ਿਲੇ ਮੁਜ਼ੱਫਰਗੜ੍ਹ ਦੇ ਕਸਬੇ ਦੀਨਾਪੁਰ 'ਚ ਰਹਿੰਦਾ ਏ। ਉਸ ਦਾ ਨਾਂ ਜਗਦੀਸ਼ਾ ਏ। ਉਹ ਬੈਂਕ ਆਫ ਇੰਡੀਆ 'ਚ ਚੌਥੇ ਦਰਜੇ ਦਾ ਮੁਲਾਜ਼ਮ ਏ। ਉਸ ਦੇ ਮਾਂ ਪਿਓ ਦੀਆਂ ਇਕ ਦੁਰਘਟਨਾ 'ਚ ਦੋਵੇਂ ਲੱਤਾਂ ਕੱਟੀਆਂ ਗਈਆਂ। ਤੁਰਨ ਫਿਰਨ ਤੋਂ ਆਰੀ ਹੋ ਗਏ। ਜਗਦੀਸ਼ਾ ਉਦੋਂ ਅੱਠਵੀਂ 'ਚ ਪੜ੍ਹਦਾ ਸੀ। ਉਸ ਆਪਣੀ ਪੜ੍ਹਾਈ ਜਾਰੀ ਰੱਖਣ ਲਈ ਦਿਹਾੜੀਆਂ ਕੀਤੀਆਂ। ਮਾਂ ਪਿਓ ਨੂੰ ਸੰਭਾਲਿਆ। ਉਹ ਸਾਲ 'ਚ ਦੋ ਵਾਰ, ਜਿਥੇ ਉਸ ਦੇ ਮਾਂ ਪਿਓ ਚਾਹੁਣ, ਘੁੰਮਾਉਣ ਲਈ ਆਪਣੇ ਸਕੂਟਰ 'ਤੇ ਲੈ ਜਾਂਦਾ ਏ। ਕਿਸੇ ਵੀ ਤੀਰਥ ਸਥਾਨ 'ਤੇ। ਪਹਿਲਾਂ ਅਸੀਂ ਉਸ ਦੀ ਮਾਂ ਕੋਲੋਂ ਉਨ੍ਹਾਂ ਦੇ ਸਰਵਣ ਪੁੱਤ ਬਾਰੇ ਪੁੱਛਦੇ ਹਾਂ..।' ਉਸ ਦੀਆਂ ਅੱਖਾਂ ਭਰ ਆਈਆਂ। ਆਪਣੇ ਸਿਰ ਦਾ ਸਾਈਂ ਯਾਦ ਆਇਆ। ਜਦੋਂ ਕਦੇ ਵੀ ਉਸ ਦਾ ਮਨ ਡੋਲਦਾ, ਚੰਨਣ ਦਿਲਾਸਾ ਦਿੰਦਾ ਸੀ, 'ਤੂੰ ਬਾਹਲਾ ਸੋਚਿਆ ਨਾ ਕਰ। ਕੁਦਰਤ ਜੋ ਕਰਦੀ ਐ, ਠੀਕ ਹੀ ਕਰਦੀ ਐ। ਮਾੜੇ ਦਿਨ ਕਿਸ 'ਤੇ ਨ੍ਹੀਂ ਆਉਂਦੇ। ਮੈਨੂੰ ਦੱਸ ਮੈਂ ਤੇਰੀ ਕਿਹੜੀ ਰੀਝ ਪੂਰੀ ਨ੍ਹੀਂ ਕੀਤੀ।'

ਕੁਝ ਪਲਾਂ ਬਾਅਦ ਉਹ ਪਹਿਲਾਂ ਵਰਗੀ ਹੋ ਜਾਂਦੀ। ਉਹ ਭੱਜ-ਭੱਜ ਕੇ ਘਰ ਦੇ ਕੰਮ ਕਰਦੀ। ਉਹ ਚੰਨਣ ਦੀ ਜੇਬ 'ਚੋਂ, ਜਦੋਂ ਤੇ ਜਿੰਨੇ ਵੀ ਪੈਸੇ ਚਾਹੀਦੇ ਹੁੰਦੇ, ਕੱਢ ਲੈਂਦੀ ਤੇ ਫੇਰ ਦੱਸਦੀ। ਉਹ ਕਹਿੰਦਾ, 'ਜਨਾਨੀ ਨੂੰ ਆਪਣੇ ਖਸਮ 'ਤੇ ਮਾਣ ਹੁੰਦੈ। ਉਹ ਆਪਣਾ ਹੱਕ ਸਮਝਦੀ ਐ, ਪਰ ਪੁੱਤਾਂ ਦੀ ਜੇਬ੍ਹ 'ਚੋਂ ਇਕ ਰੁਪਿਆ ਵੀ ਕੱਢਣ ਲੱਗੀ ਸੌ ਵਾਰ ਸੋਚਦੀ ਐ। ਠੀਕ ਐ ਨਾ?' ਉਹ ਅੱਗੋਂ ਹਾਂ 'ਚ ਸਿਰ ਹਿਲਾਉਂਦੀ।

ਕੁਦਰਤ ਨੇ ਉਸ ਕੋਲੋਂ ਕਿਸ ਗੱਲ ਦਾ ਬਦਲਾ ਲਿਆ, ਇਹ ਅੱਜ ਤੱਕ ਉਸ ਨੂੰ ਸਮਝ ਨਹੀਂ ਲੱਗੀ।

ਇਕ ਦਿਨ ਅਜਿਹੀਆਂ ਹੀ ਸੋਚਾਂ 'ਚ ਬੈਠੀ ਬੁੜਬੁੜਾਉਂਦੀ ਨੂੰ ਗੁਆਂਢਣ ਕੈਲਾਸ਼ੋ ਨੇ ਹਲੂਣਦਿਆਂ ਪੁੱਛਿਆ ਸੀ, 'ਨ੍ਹੀਂ ਕਿਹੜੇ ਖੂਹ 'ਚ ਛਾਲ ਮਾਰਨ ਲੱਗੀ ਸੀ?' ਨਾ ਚਾਹੁੰਦਿਆਂ ਵੀ ਉਸ ਕੋਲੋਂ ਦੱਸਿਆ ਗਿਆ, 'ਭੈਣੇ ਕਾਹਦੀ ਜ਼ਿੰਦਗੀ ਐ, ਘਰ 'ਚ ਖਾਣ ਨੂੰ ਕੁਸ਼ ਨ੍ਹੀਂ, ਮੈਥੋਂ ਬੱਚੇ ਭੁੱਖੇ ਦੇਖੇ ਨ੍ਹੀਂ ਜਾਂਦੇ, ਰੱਬ ਕੋਲੋਂ ਮੌਤ ਮੰਗਦੀ ਆਂ।'

ਕੈਲਾਸ਼ੋ ਨੇ ਉਸ ਦੇ ਮੂੰਹ ਅੱਗੇ ਹੱਥ ਰੱਖਿਆ। ਸਮਝਾਇਆ, 'ਨਾ ਨੀ ਨਾ, ਐਦਾਂ ਨਾ ਸੋਚੀਂ ਕਦੇ, ਇਨ੍ਹਾਂ ਮਸ਼ੋਰਾਂ ਨੂੰ ਕੌਣ ਸਾਂਭੂੰ, ਮੈਂ ਹੁਣੇ ਆਟੇ ਦੀ ਪਰਾਤੇ ਕਾਂਤੋ ਹੱਥੀਂ ਭੇਜਦੀ ਆਂ, ਜਿਗਰਾ ਰੱਖ, ਵਾਹਿਗੁਰੂ ਨੇ ਦੋ ਲਾਲ ਦਿੱਤੇ ਐ, ਲੈ ਦਿਨਾਂ 'ਚ ਜੁਆਨ ਹੋਏ ਲੈ, ਤੈਨੂੰ ਸਾਰੇ ਦੁੱਖ ਭੁੱਲਾ ਦੇਣਗੇ..।'

ਉਸ ਕੋਲੋਂ ਜ਼ਿਆਦਾ ਚਿਰ ਟੀ ਵੀ ਵੱਲ ਦੇਖਿਆ ਨਾ ਗਿਆ। ਉਹ ਬਾਹਰ ਆਈ ਤਾਂ ਮੋਹਣਾ ਤੇ ਬਲਵੰਤ ਅਜੇ ਵੀ ਗੱਲੀਂ ਜੁਟੇ ਹੋਏ ਸਨ। ਉਨ੍ਹਾਂ ਨੂੰ ਆਪਣੇ ਆਲੇ ਦੁਆਲੇ ਦੀ ਕੋਈ ਖਬਰਸਾਰ ਨਹੀਂ ਸੀ।

ਉਸ ਨੇ ਗਲਾਸ ਨੂੰ ਫੇਰ ਹੱਥਾਂ 'ਚ ਘੁੱਟਿਆ। ਗਲਾਸ 'ਚ ਬਿਲਕੁਲ ਤਪਸ਼ ਨਹੀਂ ਰਹੀ ਸੀ। ਜੇ ਰਸੋਈ ਵੱਲ ਗਲਾਸ ਲੈ ਕੇ ਗਈ ਤਾਂ ਸੁਨੀਤਾ ਨੇ ਉਸ ਦੀ ਲਾਹ ਪਾਹ ਕਰਨ ਲੱਗਿਆਂ ਇਕ ਮਿੰਟ ਨਹੀਂ ਲਾਉਣਾ, 'ਉਦੋਂ ਮੈਨੂੰ ਮਸ਼ੀਨ ਦੀ ਸੂਈ 'ਚ ਧਾਗਾ ਵੀ ਨ੍ਹੀਂ ਪਾਉਣ ਦਿੱਤਾ ਸੀ। ਕਹਿੰਦੀ ਸੀ ਅਖੀ ਚਾਹ ਬਣਾ। ਹੁਣ ਤਾਈ ਡੱਫੀ ਕਿਉਂ ਨ੍ਹੀਂ? ਤੇਰੇ ਕੀ ਸੱਪ ਲੜ ਗਿਆ? ਮੈਥੋਂ ਨ੍ਹੀਂ ਵਾਰ-ਵਾਰ ਤੱਤੀ ਹੁੰਦੀ। ਗੈਸ ਅੱਗੇ ਹੀ ਮੁੱਕਣ ਵਾਲਾ, ਜੇ ਨ੍ਹੀਂ ਪੀਣੀ ਤਾਂ ਨਾਲੀ 'ਚ ਡੋਲ੍ਹ ਦੇ, ਰਾਤ ਨੂੰ ਆਪਣੇ ਪਤੰਦਰ ਕੋਲ ਸ਼ਿਕਾਇਤਾਂ ਲਾਉਂਦੀ ਸਾਹ ਨ੍ਹੀਂ ਲੈਂਦੀ..।'

ਇਕ ਵਾਰ ਉਸ ਗਲਾਸ ਚੁੱਕ ਲਿਆ। ਫੇਰ ਰੱਖ ਦਿੱਤਾ। ਸੁਨੀਤਾ ਵੱਲ ਜਾਂਦਿਆਂ ਰਸੋਈ ਵੱਲ ਦੇਖਿਆ। ਹਉਕਾ ਲੈਂਦਿਆਂ ਆਪਣੇ ਆਪ ਨੂੰ ਕਿਹਾ, 'ਕਿੰਨਾ ਭੈੜਾ ਵੇਲਾ ਆ ਗਿਆ, ਮੈਂ ਆਪਣੀ ਮਰਜ਼ੀ ਨਾਲ ਚਾਹ ਦਾ ਗਲਾਸ ਵੀ ਨ੍ਹੀਂ ਬਣਾ ਸਕਦੀ। ਬਣਾ ਕੀ ਸਕਦੀ, ਮੈਂ ਤਾਂ ਗੈਸ ਬਾਲ ਕੇ ਤੱਤੀ ਵੀ ਨ੍ਹੀਂ ਕਰ ਸਕਦੀ।' ਕੱਪੜਿਆਂ ਵਾਲੀ ਮਸ਼ੀਨ ਤੋਂ ਧਿਆਨ ਹਟਾ ਕੇ ਸੁਨੀਤਾ ਨੇ ਉਸ ਨੂੰ ਖਾ ਜਾਣ ਵਾਲੀਆਂ ਨਜ਼ਰਾਂ ਨਾਲ ਦੇਖਿਆ। ਉਹ ਸਹਿਮੀ ਜਿਹੀ ਨੇ ਪੁੱਛਿਆ, 'ਜੇ ਤੂੰ ਕਹੇਂ ਤਾਂ ਮੈਂ ਭਾਂਡੇ ਮਾਂਜ ਦਵਾਂ?'

ਸੁਨੀਤਾ ਉਸ ਨੂੰ ਟੁੱਟ ਕੇ ਪੈ ਗਈ, 'ਆਈ ਵੱਡਾ ਭਾਂਡੇ ਮਾਂਜਣ ਵਾਲੀ। ਤੈਥੋਂ ਰਮਾਨ ਨਾਲ ਰਜਾਈ 'ਚ ਨ੍ਹੀਂ ਬੈਠਿਆ ਜਾਂਦਾ। ਜਾ-ਜਾ ਮੈਨੂੰ ਆਪਣਾ ਕੰਮ ਕਰੀ ਜਾਣ ਦੇ।' ਉਹ ਖੜੀ-ਖੜੀ ਮੁੜ ਆਈ।

ਉਸ ਬਾਹਰਲੇ ਦਰਵਾਜ਼ੇ 'ਚ ਖੜ ਕੇ ਬਲਵੰਤ ਵੱਲ ਦੇਖਿਆ। ਮੋਹਣਾ ਜਾ ਚੁੱਕਾ ਸੀ। ਉਸ ਸੋਚਿਆ ਕਿ ਬਲਵੰਤ ਕਿੰਨਾ ਔਖਾ ਹੋ ਕੇ ਕੰਮ ਕਰਦਾ ਹੈ। ਪੈਸਾ ਕਮਾਉਣਾ ਕਿੰਨਾ ਔਖਾ ਹੈ। ਇਕ ਸਮਾਂ ਸੀ ਕਿ ਉਸ ਨੇ ਬੋਰੀਆਂ ਦਾ ਪਰਦਾ ਜਿਹਾ ਕਰਕੇ ਅੱਡਾ ਲਾਇਆ ਹੋਇਆ ਸੀ। ਪੱਖਾ ਵੀ ਨਹੀਂ ਸੀ। ਸਿਖਰ ਦੁਪਹਿਰਾ। ਆਖਰਾਂ ਦੀ ਗਰਮੀ। ਨਾਲੋ ਨਾਲ ਸਾਨਾਂ 'ਚੋਂ ਉਡਜਾ ਕਾਲਾ ਜਿਹਾ ਬੂਰਾ। ਕੰਨ ਜਾਂ ਨੱਕ 'ਚ ਉਂਗਲ ਫੇਰੋ, ਮੈਲ ਦੀਆਂ ਬੱਤੀਆਂ ਨਿਕਲਦੀਆਂ।

ਉਹ ਗਲਾਸ ਚੁੱਕ ਕੇ ਬਲਵੰਤ ਕੋਲ ਆ ਗਈ। ਗਲਾਸ ਨੂੰ ਲੁਹਾਂਡੇ ਵਿਚਲੀ ਭੁੱਬਲ ਵਿਚਕਾਰ ਰੱਖ ਦਿੱਤਾ। ਬਲਵੰਤ ਨੂੰ ਪੁੱਛਿਆ, 'ਤੈਨੂੰ ਠੰਢ ਲੱਗਦੀ?'

ਬਲਵੰਤ ਨੇ ਉਸ ਵੱਲ ਬਿਨਾਂ ਦੇਖਿਆ ਹੀ ਕਿਹਾ, 'ਅੱਜ ਵਾਕਈ ਜ਼ਿਆਦਾ ਠੰਢ ਐ।'

ਉਹ ਚਾਹ ਨੂੰ ਭੁੱਲ ਕੇ ਆਪਣੇ ਕਮਰੇ 'ਚ ਮੁੜ ਆਈ। ਆਪਣੇ ਵਾਲਾ ਕੰਬਲ ਲਿਆ ਕੇ ਬਲਵੰਤ ਨੂੰ ਪਿਛਲੇ ਪਾਸਿਉਂ ਢੱਕ ਦਿੱਤਾ। ਬਲਵੰਤ ਖਿੱਝ ਉਠਿਆ, 'ਤੂੰ ਮੈਨੂੰ ਕੰਮ ਕਰਨ ਦਏਂਗੀ ਕਿ ਨ੍ਹੀਂ?' ਉਸ ਬਲਵੰਤ ਦੀ ਇਸ ਗੱਲ ਦਾ ਕੋਈ ਜੁਆਬ ਨਾ ਦਿੱਤਾ। ਕੰਬਲ ਦੇ ਦੋਵੇਂ ਸਿਰਿਆਂ ਨਾਲ ਉਸ ਦੇ ਪੈਰ ਵੀ ਢੱਕ ਦਿੱਤੇ।

ਉਸ ਨੇ ਬਲਵੰਤ ਨੂੰ ਬਾਂਹੋਂ ਫੜ ਕੇ ਪੁੱਛਿਆ, 'ਮੈਂ ਕੱਲ੍ਹ ਤੈਨੂੰ ਕਿਹਾ ਸੀ ਕਿ ਆਉਣ ਲੱਗਾ ਰਾਣੀ ਨੂੰ ਨਾਲ ਲੈ ਕੇ ਆਈਂ। ਤੂੰ ਲਿਆਇਆ ਕਿਉਂ ਨ੍ਹੀਂ?'

ਬਲਵੰਤ ਨੇ ਦੱਸਿਆ, 'ਮੈਂ ਤਾਂ ਲੈ ਆਉਣੀ ਸੀ। ਉਸ ਦੀ ਮੰਮੀ ਨੇ ਨ੍ਹੀਂ ਆਉਣ ਦਿੱਤੀ।'

'ਭਲਾ ਕਿਉਂ?'

'ਉਹਦੀ ਚਾਚੀ ਕਹਿੰਦੀ ਸੀ ਕਿ ਸਾਡੇ ਘਰੇ ਬਹੁਤ ਗੰਦ ਪਾਉਂਦੀ ਐ।'

'ਲੈ ਨਿਆਣੇ ਗੰਦ ਨਾ ਪਾਉਣਗੇ ਤਾਂ ਹੋਰ ਕੀ ਕਰਨਗੇ। ਮੈਂ ਚਾਰ ਸਾਲ ਉਹਨੂੰ ਆਪਣੇ ਨਾਲ ਪਾਇਆ। ਮੇਰੇ ਬਿਨਾਂ ਤਾਂ ਉਹ ਸੌਂਦੀ ਹੀ ਨ੍ਹੀਂ ਸੀ।'

'ਹੁਣ ਵੀ ਦਾਦੀ ਅੰਮਾ-ਦਾਦੀ ਅੰਮਾ ਕਹਿੰਦੀ ਹੋਈ ਬੁੜਬੁੜਾ ਕੇ ਉਠ ਬੈਠਦੀ ਐ।'

ਉਸ ਦੀਆਂ ਅੱਖਾਂ ਭਰ ਆਈਆਂ। ਉਸ ਨੇ ਚੁੰਨੀ ਦੇ ਲੜ ਨਾਲ ਹੰਝੂ ਪੂੰਝ ਕੇ ਭਰੀ ਆਵਾਜ਼ ਵਿੱਚ ਕਿਹਾ, 'ਜਾਣ ਲੱਗਾ ਮੈਨੂੰ ਨਾਲ ਲੈ ਜਾਈਂ। ਮੇਰਾ ਉਹਨੂੰ ਦੇਖਣ ਨੂੰ ਬਹੁਤ ਚਿੱਤ ਕਰਦੈ।'

'ਅੱਜ ਨ੍ਹੀਂ। ਅੱਜ ਮੈਂ ਭੀਰੇ ਕੇ ਅੱਡੇ 'ਤੇ ਜਾ ਕੇ ਓਵਰ ਟਾਈਮ ਲਾਉਣੈ। ਮੈਨੂੰ ਕੁਵੇਲਾ ਹੋ ਜਾਣੈ। ਪਰਸੋਂ ਨੂੰ ਦੇਖੂੰਗਾ।'

ਉਹਨੂੰ ਇਸ ਗੱਲ ਦਾ ਪਤਾ ਹੈ ਕਿ ਜਿੰਨੀ ਵਾਰੀ ਉਸ ਬਲਵੰਤ ਨੂੰ ਨਾਲ ਲੈ ਜਾਣ ਲਈ ਕਿਹਾ ਹੈ, ਉਸ ਨੇ ਅਜਿਹਾ ਹੀ ਜੁਆਬ ਦਿੱਤਾ ਹੈ। ਸੁਰਜੀਤ ਦਾ ਅਜੇ ਕੋਈ ਬੱਚਾ ਨਹੀਂ ਹੈ।

ਚਾਹ ਕੋਸੀ ਜਿਹੀ ਹੋ ਗੀ। ਬੁੱਤਾ ਸਾਰ। ਗਲਾਸ ਨੂੰ ਉਪਰਲੇ ਪਾਸਿਉਂ ਚੁੱਕ ਬਲਵੰਤ ਨੂੰ ਫੜਾਉਂਦੀ ਹੋਈ ਨੇ ਕਿਹਾ, ਲੈ ਪਹਿਲਾਂ ਅੱਧੀ ਪੀ ਲੈ।'

ਅੱਗੋਂ ਬਲਵੰਤ ਨੇ ਔਖ ਮੰਨਦਿਆਂ ਪੁੱਛਿਆ, 'ਤੂੰ ਅਜੇ ਤਾਈ ਕਿਉਂ ਨ੍ਹੀਂ ਪੀਤੀ?'

ਉਹ ਬੋਲੀ, 'ਮੇਰਾ ਪੁੱਤ ਵਗਦੇ ਠੱਕੇ 'ਚ ਬੈਠਾ ਹੋਵੇ ਤਾਂ ਮੈਂ 'ਕੱਲੀ ਦੇ ਚਾਹ ਲੰਘਦੀ ਐ ਕਿਤੇ।'

ਆਪਣੇ ਹਿੱਸੇ ਦੀ ਚਾਹ ਪੀ ਕੇ ਬਲਵੰਤ ਨੇ ਉਸ ਨੂੰ ਗਲਾਸ ਫੜਾਇਆ। ਉਸ ਗਲਾਸ ਅੰਦਰ ਝਾਤੀ ਮਾਰੀ। ਉਸ ਨੂੰ ਲੱਗਾ ਕਿ ਬਲਵੰਤ ਨੇ ਆਪਣੇ ਹਿੱਸੇ ਦੀ ਪੂਰੀ ਚਾਹ ਨਹੀਂ ਪੀਤੀ। ਉਸ ਜ਼ੋਰ ਪਾ ਕੇ ਕਿਹਾ, 'ਤਿੰਨ ਘੁੱਟ ਹੋਰ ਭਰ ਲੈ। ਅਜੇ ਤੂੰ ਅੱਧੀ ਨ੍ਹੀਂ ਪੀਤੀ।'

ਬਲਵੰਤ ਨੇ ਪੁੱਛਿਆ, 'ਤੈਨੂੰ ਕਿੱਦਾਂ ਪਤਾ?'

ਉਸ ਮੋਹ ਭਰੀਆਂ ਨਜ਼ਰਾਂ ਨਾਲ ਬਲਵੰਤ ਨੂੰ ਦੇਖਿਆ। ਫੇਰ ਭਾਰੀ ਹੁੰਦੀ ਆਵਾਜ਼ 'ਚ ਕਿਹਾ, 'ਮੈਨੂੰ ਪਤਾ ਹੁੰਦਾ..।'




* ਪੈਰਾਂ ਦੀ ਤਰ੍ਹਾਂ ਹੱਥਾਂ ਨੂੰ ਵੀ ਸ਼ੈਂਪੂ ਮਿਲੇ ਪਾਣੀ ਵਿੱਚ ਭਿਉਂ ਕੇ ਰੱਖੋ, ਫਿਰ ਸੁਕਾ ਕੇ ਚੰਗੀ ਤਰ੍ਹਾਂ ਕ੍ਰੀਮ ਨਾਲ ਮਸਾਜ ਕਰ ਲਓ।
* ਅੱਖਾਂ ਦੇ ਚਾਰੇ ਪਾਸੇ ਕਾਲੇ ਘੇਰੇ ਦੂਰ ਕਰਨ ਲਈ ਕੱਚੇ ਆਲੂ ਦੇ ਟੁਕੜੇ ਮਲੋ। ਰੋਜ਼ 10 ਮਿੰਟ ਅਜਿਹਾ ਕਰੋ। ਹੌਲੀ ਹੌਲੀ ਕਾਲੇ ਘੇਰੇ ਹਲਕੇ ਹੋ ਜਾਣਗੇ।
* ਨਿੰਬੂ ਦਾ ਰਸ ਲੈ ਕੇ ਉਸ 'ਚ ਵੇਸਣ ਤੇ ਹਲਦੀ ਪਾਊਡਰ ਮਿਲਾ ਕੇ ਪੇਸਟ ਤਿਆਰ ਕਰੋ ਅਤੇ ਉਸ ਨੂੰ ਸਰੀਰ 'ਤੇ ਮਲੋ। ਸੁੱਕਣ 'ਤੇ ਚੰਗੀ ਤਰ੍ਹਾਂ ਸਾਫ ਕਰ ਲਓ।
* ਸੀਤਾਫਲ ਦੇ ਟੁਕੜਿਆਂ ਨੂੰ ਮਿਸਲ ਕੇ ਉਨ੍ਹਾਂ 'ਚ ਥੋੜ੍ਹਾ ਜਿਹਾ ਚੰਦਨ ਪਾਊਡਰ ਮਿਲਾ ਕੇ ਚਿਹਰੇ ਤੇ ਗਰਦਨ 'ਤੇ ਲਾਉਣ ਨਾਲ ਚਿਹਰਾ ਸਾਫ ਹੁੰਦਾ ਹੈ।
* ਥੋੜ੍ਹਾ ਜਿਹਾ ਬੂਰਾ ਗੁਲਾਬ ਜਲ ਵਿੱਚ ਮਿਲਾ ਕੇ ਪੇਸਟ ਬਣਾਓ ਅਤੇ ਚਮੜੀ 'ਤੇ ਮਲੋ। ਸੁੱਕਣ 'ਤੇ ਇਸ ਨੂੰ ਧੋ ਲਵੋ।
* ਰਾਤ ਨੂੰ ਸੌਣ ਤੋਂ ਪਹਿਲਾਂ ਰੋਜ਼ ਖੀਰੇ ਦਾ ਰਸ ਚਮੜੀ 'ਤੇ ਲਾਓ। ਲਗਾਤਾਰ ਵਰਤੋਂ 'ਚ ਲਿਆਉਣ ਨਾਲ ਚਿਹਰੇ ਦੀ ਰੰਗ ਬਦਲੇਗੀ।
* ਫੇਸ ਮਾਸਕ ਦੇ ਲਈ ਦਹੀਂ, ਸ਼ਹਿਦ ਤੇ ਬੂਰਾ ਮਿਲਾ ਕੇ ਪੇਸਟ ਤਿਆਰ ਕਰੋ। ਫਿਰ ਉਸ ਪੇਸਟ ਨੂੰ 20 ਮਿੰਟ ਤੱਕ ਚਿਹਰੇ 'ਤੇ ਲਾਓ ਤੇ ਸੁੱਕਣ ਦਿਓ। ਫਿਰ ਤਾਜ਼ੇ ਪਾਣੀ ਨਾਲ ਚਿਹਰਾ ਧੋ ਲਵੋ।
* ਤੇਲ ਯੁਕਤ ਚਮੜੀ ਲਈ ਵੇਸਣ 'ਚ ਥੋੜ੍ਹਾ ਜਿਹਾ ਨਿੰਬੂ ਮਿਲਾ ਕੇ ਗਾੜ੍ਹਾ ਪੇਸਟ ਬਣਾ ਕੇ ਚਮੜੀ 'ਤੇ ਲਾਓ। 15-20 ਮਿੰਟ ਤੱਕ ਚਮੜੀ ਨੂੰ ਸਾਫ ਕਰ ਲਓ।
* ਵਾਲਾਂ 'ਚ ਘੱਟ ਤੋਂ ਘੱਟ 20 ਵਾਰ ਦਹੀਂ ਨਾਲ ਮਸਾਜ ਕਰੋ, ਫਿਰ ਮਾਈਲਡ ਸ਼ੈਂਪੀ ਨਾਲ ਧੋ ਲਵੋ।
* ਵਾਲਾਂ 'ਚ ਚਮਕ ਲਿਆਉਣ ਲਈ ਪਹਿਲਾਂ ਤੇਲ ਦੀ ਮਾਲਿਸ਼ ਕਰੋ ਤੇ ਫਿਰ ਉਨ੍ਹਾਂ 'ਤੇ ਗਰਮ ਪਾਣੀ ਨਾਲ ਭਿਓਂ ਕੇ ਤੌਲੀਆ ਲਪੇਟ ਲਓ। ਠੰਢਾ ਹੋਣ ਤੇ ਵਾਲ ਧੋ ਲਵੋ।

## ਹਲਕਾ ਫੁਲਕਾ

ਇੱਕ ਪੱਤਰਕਾਰ ਸ਼ਹਿਰ ਦੇ ਪ੍ਰਮੁੱਖ ਵਿਅਕਤੀ ਨੂੰ ਉਸ ਦੀ 10ਵੀਂ ਵਰ੍ਹੇਗੰਢ ਉੱਤੇ ਵਧਾਈ ਦੇਣ ਗਿਆ। ਵਾਪਸ ਪਰਤਦੇ ਸਮੇਂ ਪੱਤਰਕਾਰ ਨੇ ਉਸ ਨੂੰ ਪੁੱਛਿਆ, ''ਕੀ ਤੁਹਾਡੇ ਕੋਲ ਲੋਕਾਂ ਲਈ ਕੋਈ ਸੰਦੇਸ਼ ਹੈ?''

''ਹਾਂ, ਉਨ੍ਹਾਂ ਨੂੰ ਕਹੋ, ਸਾਹ ਲੈਂਦੇ ਰਹੋ।'' ਵਿਅਕਤੀ ਨੇ ਜਵਾਬ ਦਿੱਤਾ।

*********

ਸੋਕਾ ਪੀੜਤ ਇਲਾਕੇ ਦੀ ਇੱਕ ਚੋਣ ਸਭਾ ਵਿੱਚ ਭਾਸ਼ਣ ਦੇਣ ਤੋਂ ਪਹਿਲਾਂ ਇੱਕ ਨੇਤਾ ਨੇ ਆਪਣੇ ਸੈਕਟਰੀ ਤੋਂ ਪੁੱਛਿਆ, ''ਲੋਕਾਂ ਨੂੰ ਕੀ ਭਰੋਸਾ ਦਿੱਤਾ ਜਾਵੇ।''

ਸੈਕਟਰੀ ਤੁਰੰਤ ਕਹਿਣ ਲੱਗਾ, ''ਇਸ ਇਲਾਕੇ 'ਚ ਬਹੁਤ ਸੋਕਾ ਪੈਂਦਾ ਹੈ। ਤੁਸੀਂ ਤੁਰੰਤ ਮੀਂਹ ਪੈਣ ਦਾ ਭਰੋਸਾ ਦੇ ਦਿਓ।''

*********

ਇੱਕ ਬਸ ਨੂੰ ਡਾਕੂਆਂ ਨੇ ਲੁੱਟ ਲਿਆ। ਹਰ ਕਿਸੇ ਤੋਂ ਨਕਦੀ, ਮੁੰਦਰੀ, ਘੜੀ, ਗਹਿਣੇ ਉਤਰਵਾ ਲਏ।

ਇੱਕ ਕਮਿਸ਼ਨ ਏਜੰਟ ਦੀ ਜੇਬ ਵਿੱਚੋਂ 200 ਰੁਪਏ ਨਿਕਲੇ। ਡਾਕੂਆਂ ਨੇ 200 ਰੁਪਏ ਕੱਢ ਕੇ ਰੱਖੇ ਤਾਂ ਕਮਿਸ਼ਨ ਏਜੰਟ ਨੇ ਉਨ੍ਹਾਂ 'ਚੋਂ ਚਾਰ ਰੁਪਏ ਚੁੱਕ ਲਏ। ਡਾਕੂ ਗੁੱਸੇ ਨਾਲ ਕਹਿਣ ਲੱਗਾ, ''ਰੱਖੋ, ਇਹ ਚਾਰ ਰੁਪਏ।''

ਕਮਿਸ਼ਨ ਏਜੰਟ ਕਹਿਣ ਲੱਗਾ, ''ਨਕਦ ਪੇਮੈਂਟ 'ਚੋਂ ਦੋ ਫੀਸਦੀ ਕਮਿਸ਼ਨ ਦੇ ਹਿਸਾਬ ਨਾਲ ਚਾਰ ਰੁਪਏ ਤਾਂ ਮੇਰਾ ਹੱਕ ਬਣਦਾ ਹੈ।''

*********

ਪਤੀ ਸਵੇਰੇ ਸਵੇਰੇ ਫੇਸਬੁੱਕ ਖੋਲ੍ਹ ਕੇ ਬੈਠ ਗਿਆ। ਉਸ ਦੀ ਗਰਲਫਰੈਂਡ ਨੇ ਸੈਂਡਵਿਚ ਦੀ ਫੋਟੋ ਅਪਲੋਡ ਕਰ ਕੇ ਲਿਖਿਆ, ''ਆਓ ਸਾਰੇ ਨਾਸ਼ਤਾ ਕਰੀਏ।''

ਪਤੀ ਨੇ ਖੁਸ਼ ਹੋ ਕੇ ਕੁਮੈਂਟ ਕੀਤਾ, ''ਬਹੁਤ ਵਧੀਆ ਨਾਸ਼ਤਾ ਸੀ, ਮਜ਼ਾ ਆ ਗਿਆ।''

ਇਹ ਕੁਮੈਂਟ ਪਤਨੀ ਨੇ ਦੇਖ ਲਿਆ। ਫਿਰ ਕੀ, ਪਤੀ ਨੂੰ ਨਾਸ਼ਤਾ ਨਹੀਂ ਦਿੱਤਾ ਅਤੇ ਚਾਰ ਘੰਟੇ ਬਾਅਦ ਪਤਨੀ ਨੇ ਪੁੱਛਿਆ, ''ਰੋਟੀ ਬਣਾਵਾਂ ਜਾਂ ਤੁਸੀਂ ਲੰਚ ਵੀ ਫੇਸਬੁੱਕ ਉੱਤੇ ਹੀ ਕਰੋਗੇ?''

# ਕੈਂਸਰ ਤੋਂ ਮੈਡਲ ਤੱਕ

-ਜਸਵਿੰਦਰ ਕੌਰ ਮਾਨਸਾ


ਪੇਟ ਦੀਆਂ ਸਮੱਸਿਆਵਾਂ ਆਉਣ ਕਾਰਨ ਮੈਂ ਡਾਕਟਰ ਦੀ ਰਾਏ ਮੁਤਾਬਕ ਅਲਟਰਾਸਾਊਂਡ ਕਰਾਉਣ ਚਲੀ ਗਈ। ਮੇਰੇ ਨਾਲ ਮੇਰਾ 17 ਕੁ ਸਾਲ ਦਾ ਪੁੱਤਰ ਸੀ। ਅਲਟਰਾਸਾਊਂਡ ਕਰਾਉਣ ਤੋਂ ਘੰਟੇ ਕੁ ਦੀ ਉਡੀਕ ਪਿੱਛੋਂ ਮੇਰੀ ਰਿਪੋਰਟ ਆਈ, ਜਿਸ ਵਿੱਚ ਡਾਕਟਰ ਦੇ ਦੱਸਣ ਮੁਤਾਬਕ ਦੋ ਵੱਡੀਆਂ ਉਲਝਣਾਂ ਸਨ। ਇੱਕ ਪਿੱਤੇ ਅੰਦਰ 17 ਐੱਮ ਐੱਮ ਦੀਆਂ ਪੱਥਰੀਆਂ ਸਨ ਤੇ ਦੂਜੀ ਬੱਚੇਦਾਨੀ ਵਿੱਚ ਗੰਢ ਸੀ। ਅਲਟਰਾਸਾਊਂਡ ਕਰ ਰਹੀ ਡਾਕਟਰ ਮੁਤਾਬਕ ਦੋਵੇਂ ਖਤਰਨਾਕ ਸਨ। ਇਸ ਲਈ ਉਨ੍ਹਾਂ ਨੇ ਇਨ੍ਹਾਂ ਦਾ ਤੁਰੰਤ ਆਪਰੇਸ਼ਨ ਕਰਵਾ ਲੈਣ ਦੀ ਸਲਾਹ ਦਿੱਤੀ। ਮੇਰੀ ਅਲਟਰਾਸਾਊਂਡ ਰਿਪੋਰਟ ਵੇਖ ਕੇ ਮੇਰੇ ਪੁੱਤਰ ਦੇ ਮੂੰਹ ਦਾ ਰੰਗ ਪੀਲਾ ਪੈ ਗਿਆ। ਸ਼ਾਇਦ ਉਹਨੂੰ ਆਪਣੀ ਮਾਂ ਵਿਛੋੜਾ ਦਿੰਦੀ ਲੱਗੀ। ਉਸ ਦੀ ਬੇਚੈਨੀ ਮੈਂ ਸਮਝ ਗਈ ਸੀ, ਪਰ ਮੇਰੇ 'ਤੇ ਡਾਕਟਰ ਦੇ ਕਹੇ ਸ਼ਬਦਾਂ ਦਾ ਰੱਤਾ ਵੀ ਅਸਰ ਨਹੀਂ ਹੋਇਆ। ਮੈਂ ਕਲੀਨਿਕ ਤੋਂ ਬਾਹਰ ਆ ਕੇ ਆਪਣੇ ਬੇਟੇ ਨੂੰ ਕਿਹਾ, 'ਕੁਝ ਨਹੀਂ ਹੁੰਦਾ ਪੁੱਤ, ਡਾਕਟਰ ਤਾਂ ਮਰੀਜ਼ ਦੀ ਡਰਾ ਡਰਾ ਕੇ ਜਾਨ ਕੱਢ ਦਿੰਦੇ ਨੇ', ਪਰ ਉਹ ਉਦਾਸ ਜਿਹਾ ਹੋ ਗਿਆ ਤੇ ਕੁਝ ਨਾ ਬੋਲਿਆ। ਅਸੀਂ ਰਿਪੋਰਟ ਵਿਖਾਉਣ ਲਈ ਇੱਕ ਹੋਰ ਡਾਕਟਰ ਕੋਲ ਗਏ। ਉਨ੍ਹਾਂ ਨੇ ਰਿਪੋਰਟ 'ਤੇ ਨਿਗ੍ਹਾ ਮਾਰ ਕੇ ਗੱਲ ਸਿਰੇ ਹੀ ਲਾ ਦਿੱਤੀ। ਕਹਿੰਦੈ, 'ਪਿੱਤੇ ਦਾ ਆਪਰੇਸ਼ਨ ਪੰਦਰਾਂ ਵੀਹ ਦਿਨ ਪਿੱਛੋਂ ਕਰਵਾ ਸਕਦੇ ਹੋ, ਪਰ ਬੱਚੇਦਾਨੀ ਦਾ ਆਪਰੇਸ਼ਨ ਤੁਰੰਤ ਕਰਾਉਣਾ ਪਵੇਗਾ ਕਿਉਂਕਿ ਕੈਂਸਰ ਬਣਨ ਦੇ ਬਹੁਤ ਜ਼ਿਆਦਾ ਮੌਕੇ ਨੇ।'' ਮੇਰੇ 'ਤੇ ਇਸ ਡਾਕਟਰ ਦੀ ਗੱਲ ਦਾ ਵੀ ਜ਼ਿਆਦਾ ਅਸਰ ਨਾ ਹੋਇਆ, ਪਰ ਮੇਰੇ ਪੁੱਤਰ ਦੇ ਹੱਥ ਕੰਬਣ ਲੱਗ ਪਏ।

ਮੈਂ ਪਹਿਲਾਂ ਕੋਸ਼ਿਸ਼ ਕੀਤੀ ਸੀ ਕਿ ਮੇਰਾ ਪੁੱਤਰ ਡਾਕਟਰ ਕੋਲ ਨਾ ਜਾਵੇ, ਪਰ ਉਹ ਮੰਨਿਆ ਨਹੀਂ ਤੇ ਮੇਰੇ ਨਾਲ ਹੀ ਗਿਆ। ਮੈਨੂੰ ਆਪਣੇ ਤੋਂ ਵੱਧ ਉਸ ਦੀ ਚਿੰਤਾ ਸੀ। ਅਸੀਂ ਬਿਨਾਂ ਫੈਸਲਾ ਕੀਤੇ ਘਰ ਆ ਗਏ। ਮਾਹੌਲ ਉਦਾਸ ਜਿਹਾ ਹੋ ਗਿਆ। ਇਸ ਸਭ ਦੇ ਬਾਵਜੂਦ ਮੇਰੀ ਮਾਂ ਦੇ ਬੋਲ ਮੇਰੇ ਕੰਨਾਂ 'ਚ ਗੂੰਜਦੇ ਰਹੇ, ਜੋ ਕਹਿੰਦੀ ਹੁੰਦੀ ਸੀ, ''ਪੁੱਤ, ਮੁਸੀਬਤ ਵੇਲੇ ਪੈਰ ਨਹੀਂ ਛੱਡਣੇ ਚਾਹੀਦੇ। ਡੱਟ ਕੇ ਮੁਕਾਬਲਾ ਕਰਨਾ ਚਾਹੀਦੈ, ਸਭ ਆਪਣੇ ਆਪ ਠੀਕ ਹੁੰਦਾ ਜਾਂਦੈ।'' ਇਨ੍ਹਾਂ ਪ੍ਰੇਰਨਾ ਭਰੇ ਬੋਲਾਂ ਨੇ ਮੈਨੂੰ ਡੋਲਣ ਨਹੀਂ ਦਿੱਤਾ। ਆਪੇਰਸ਼ਨ ਦਾ ਮੈਂ ਸੋਚਿਆ ਤੱਕ ਨਾ। ਮੈਂ ਆਪਣੇ ਆਪ ਬਾਰੇ ਜਾਨਣਾ ਸ਼ੁਰੂ ਕੀਤਾ ਤੇ ਆਪਣੇ ਆਪ ਵੱਲ ਵੱਧ ਧਿਆਨ ਦੇਣ ਲੱਗੀ। ਮੈਨੂੰ ਕਿਸੇ ਨੇ ਕਿਹਾ ਕਿ ਸਾਈਕਲ ਚਲਾਉਣ ਨਾਲ ਔਰਤਾਂ ਦੀਆਂ ਕਈ ਸਮੱਸਿਆਵਾਂ ਠੀਕ ਹੋ ਜਾਂਦੀਆਂ ਹਨ। ਮੈਂ ਮਾਨਸਾ ਤੋਂ ਸਾਈਕਲ ਲਿਆਈ ਤੇ ਰੋਜ਼ ਚਲਾਉਣਾ ਸ਼ੁਰੂ ਕਰ ਦਿੱਤਾ। ਕੁਝ ਦਿਨ ਥਕਾਵਟ ਨੇ ਬੁਰਾ ਹਾਲ ਕੀਤਾ, ਪਰ ਫਿਰ ਸਭ ਠੀਕ ਹੋ ਗਿਆ।

ਮੇਰੀ ਮਾਂ ਦੀ ਮੌਤ ਤੋਂ ਬਾਅਦ ਸਭ ਤੋਂ ਛੋਟੀ ਹੋਣ ਕਰ ਕੇ ਵੱਡੀਆਂ ਭੈਣਾਂ ਬਾਹਲਾ ਮੋਹ ਕਰਨ ਲੱਗੀਆਂ। ਜਦੋਂ ਉਨ੍ਹਾਂ ਨੂੰ ਮੇਰੀ ਸਮੱਸਿਆ ਦਾ ਪਤਾ ਲੱਗਾ ਤਾਂ ਮੇਰੇ ਘਰ ਵੱਲ ਉਨ੍ਹਾਂ ਦੇ ਗੇੜੇ ਵਧ ਗਏ ਤੇ ਮੋਹ ਵੀ ਵਧ ਗਿਆ। ਮੈਂ ਆਪਣੇ ਆਪ ਹੀ ਠੀਕ ਹੋਣ ਦਾ ਆਪਣੇ ਮਨ ਨਾਲ ਫੈਸਲਾ ਕਰ ਚੁੱਕੀ ਸੀ। ਮੇਰੇ ਪਤੀ ਤੇ ਬੱਚਿਆਂ ਨੇ ਇਸ ਨਾਜ਼ੁਕ ਦੌਰ 'ਚ ਮੇਰਾ ਬਹੁਤ ਸਾਥ ਦਿੱਤਾ। ਮੇਰੀ ਧੀ ਤੇ ਪੁੱਤਰ ਬਹੁਤ ਹਿੰਮਤ ਦਿੰਦੇ ਤੇ ਜਿੱਤਣ ਲਈ ਪ੍ਰੇਰਿਤ ਕਰਦੇ। ਇੱਕ ਸਾਲ ਲੰਘ ਗਿਆ। ਮੈਨੂੰ ਕਦੇ ਕੋਈ ਸਮੱਸਿਆ ਨਾ ਆਈ, ਪਰ ਪਿੱਤੇ ਦੀਆਂ ਪੱਥਰੀਆਂ 'ਤੇ ਮੇਰੀ ਕਸਰਤ ਦਾ ਅਸਰ ਨਾ ਹੋਇਆ। ਉਹ ਉਸੇ ਤਰ੍ਹਾਂ ਹੀ ਰਹੀਆਂ ਤਾਂ ਮੈਂ ਪਿੱਤੇ ਦਾ ਆਪਰੇਸ਼ਨ ਕਰਵਾ ਦਿੱਤਾ, ਜੋ ਬਿਨਾਂ ਸਮੱਸਿਆ ਤੋਂ ਸੌਖਾ ਹੀ ਹੋ ਗਿਆ। ਡਾਕਟਰ ਦੇ ਕਹਿਣ ਮੁਤਾਬਕ ਖੂਨ ਦੇ ਦਬਾਓ ਦਾ ਏਨਾ ਸਹੀ ਰਹਿਣ ਦਾ ਕਾਰਨ ਕਸਰਤ ਸੀ। ਮੈਂ ਹਰ ਰੋਜ਼ ਸਾਈਕਲ ਚਲਾਉਣ ਕਾਰਨ ਬਿਨਾਂ ਥਕਾਵਟ 15 ਤੋਂ 17 ਕਿਲੋਮੀਟਰ ਸਾਈਕਲ ਚਲਾ ਲੈਂਦੀ ਸੀ। ਇਸੇ ਦੌਰਾਨ ਮੈਂ ਸਾਈਕਲ ਦੌੜ ਵਿੱਚ ਭਾਗ ਲਿਆ, ਜੋ ਆਨਲਾਈਨ ਸੀ। ਮੈਂ 250 ਕਿਲੋਮੀਟਰ ਦੀ ਚੁਣੌਤੀ ਅਤੇ ਸੋਨੇ ਦਾ ਤਮਗਾ ਹਾਸਲ ਕੀਤਾ। ਜਦੋਂ ਇਸ ਉਮਰ ਵਿੱਚ ਗਲ ਵਿੱਚ ਸੋਨੇ ਦਾ ਤਮਗਾ ਪਵੇ ਤਾਂ ਇਹ ਬਹੁਤ ਖੁਸ਼ੀ ਭਰਿਆ ਅਹਿਸਾਸ ਹੋ ਨਿਬੜਦਾ ਹੈ। ਉਸ ਤੋਂ ਬਾਅਦ ਮੇਰੇ ਹੌਸਲੇ ਹੋਰ ਵੀ ਬੁਲੰਦ ਹੋ ਗਏ। ਮੈਂ ਆਪਣੀ ਸਮੱਸਿਆ ਤਾਂ ਭੁੱਲ ਹੀ ਗਈ।

ਅੰਤ ਮੈਂ ਇੱਕ ਵਾਰ ਫਿਰ ਆਪਣਾ ਟੈਸਟ ਕਰਵਾਇਆ, ਜਿਸ ਵਿੱਚ ਸਭ ਕੁਝ ਆਮ ਵਾਂਗ ਸੀ। ਮੇਰੀ ਬੱਚੇਦਾਨੀ ਵਿੱਚ ਕੋਈ ਗੰਢ ਨਹੀਂ ਸੀ, ਸਗੋਂ ਮੇਰਾ ਸਰੀਰ ਪਹਿਲਾਂ ਤੋਂ ਤੰਦਰੁਸਤ ਤੇ ਫਿੱਟ ਹੋ ਗਿਆ ਸੀ, ਥਕਾਵਟ ਬਿਲਕੁਲ ਨਹੀਂ ਆਉਂਦੀ ਸੀ। ਮੈਨੂੰ ਆਪਣੀ ਮਾਂ 'ਤੇ ਸਦਾ ਮਾਣ ਰਿਹਾ ਹੈ ਜਿਸ ਦੇ ਸਵਰਗ ਸਿਧਾਰਨ ਤੋਂ ਬਾਅਦ ਵੀ ਉਸ ਦੇ ਬੋਲਾਂ ਦੀ ਸੱਚਾਈ ਨੇ ਮੇਰੀ ਦੁਨੀਆ ਹੀ ਬਦਲ ਦਿੱਤੀ। ਮੈਨੂੰ ਮੇਰੇ ਆਪਣਿਆਂ ਤੇ ਆਪਣੀ ਇੱਛਾ ਸ਼ਕਤੀ ਨੇ ਹਾਰਨ ਨਹੀਂ ਦਿੱਤਾ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

ਜ਼ਰੂਰ ਜਾਣੋ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਆਖਰ ਗਡਕਰੀ ਦੀਆਂ ਗੱਲਾਂ ਦੇ ਮਾਇਨੇ ਕੀ ਹਨ

-ਏ ਗਾਂਗੁਲੀ

ਕਾਂਗਰਸ, ਕਮਿਊਨਿਸਟਾਂ ਜਾਂ ਸੋਸ਼ਲਿਸਟਾਂ (ਸਮਾਜਵਾਦੀਆਂ) ਦੇ ਉਲਟ ਭਾਜਪਾ 'ਚ ਸ਼ਾਇਦ ਹੀ ਕਦੇ ਕੋਈ ਵੱਡੀ ਤਰੇੜ (ਜਾਂ ਫੁੱਟ) ਦੇਖਣ ਨੂੰ ਮਿਲੀ ਹੋਵੇ। ਕਦੇ-ਕਦਾਈਂ ਸ਼ਾਇਦ ਕੋਈ ਆਦਮੀ ਪਾਰਟੀ ਅੰਦਰ ਸਿਆਸੀ ਝਗੜਿਆਂ ਵਿੱਚ ਸ਼ਾਮਲ ਹੋ ਸਕਦਾ ਹੈ, ਜਿਵੇਂ ਬਲਰਾਜ ਮਧੋਕ ਸਨ, ਜੋ ਭਾਜਪਾ ਦੇ ਪਹਿਲੇ ਰੂਪ ਜਨ ਸੰਘ ਦੇ ਪ੍ਰਧਾਨ ਸਨ, ਪਰ ਅਜਿਹੇ ਝਗੜੇ ਬਹੁਤ ਘੱਟ ਅਤੇ ਭਗਵਾ ਧੜੇ ਤੋਂ ਬਹੁਤ ਦੂਰ ਸਨ, ਜਦ ਕਿ ਕਾਂਗਰਸ, ਕਮਿਊਨਿਸਟਾਂ ਅਤੇ ਸਮਾਜਵਾਦੀਆਂ 'ਚ ਇੱਕ ਤੋਂ ਜ਼ਿਆਦਾ ਵਾਰ ਫੁੱਟ ਪਈ ਸੀ।

ਜਨ ਸੰਘ ਅਤੇ ਭਾਜਪਾ ਦੇ ਅਜਿਹੀਆਂ ਫੁੱਟਾਂ ਤੋਂ ਬਚੇ ਰਹਿਣ ਦੀ ਵਜ੍ਹਾ ਇਹ ਸੀ ਕਿ ਜਨ ਸੰਘ ਕਦੇ ਵੀ ਪ੍ਰਮੁੱਖ ਪਾਰਟੀ ਨਹੀਂ ਸੀ। ਇਹ ਕੌਮੀ ਸਿਆਸਤ ਤੋਂ ਹਮੇਸ਼ਾ ਵੱਖਰਾ ਰਿਹਾ, ਇਸ ਲਈ ਇਸ ਨੇ ਕਦੇ ਵੀ ਵਿਰੋਧੀ ਸੰਗਠਨਾਂ ਨਾਲ ਸੰਗਠਨ ਦੀ ਮੁਕਾਬਲੇਬਾਜ਼ੀ ਜਾਂ ਵਿਚਾਰਕ ਦਬਾਅ ਨੂੰ ਮਹਿਸੂਸ ਨਹੀਂ ਕੀਤਾ। ਜਿੱਥੋਂ ਤੱਕ ਭਾਜਪਾ ਦੀ ਗੱਲ ਹੈ, ਅੱਜ ਇਹ ਅਜੇਤੂ ਤਾਕਤ ਵਜੋਂ ਉਭਰੀ ਹੈ, ਖਾਸ ਕਰ ਕੇ ਉਤਰੀ ਤੇ ਪੱਛਮੀ ਭਾਰਤ 'ਚ ਅਤੇ ਅਜੇ ਵੀ ਸਾਵਧਾਨੀ ਨਾਲ ਆਪਣਾ ਰਸਤਾ ਅਪਣਾ ਰਹੀ ਹੈ।

ਇਸ ਨੂੰ ਪਹਿਲੇ ਵੱਡੇ ਝਟਕੇ ਦਾ ਪਤਾ ਉਦੋਂ ਲੱਗਾ, ਜਦੋਂ 1992 ਵਿੱਚ ਹਿੰਦੂਤਵ ਵਰਕਰਾਂ ਨੇ ਬਾਬਰੀ ਮਸਜਿਦ ਨੂੰ ਡੇਗ ਦਿੱਤਾ, ਜਿਸ ਕਾਰਨ ਪਾਰਟੀ ਦੇ ਸਭ ਤੋਂ ਕੱਦ-ਾਵਰ ਨੇਤਾਵਾਂ 'ਚੋਂ ਇੱਕ ਅਟਲ ਬਿਹਾਰੀ ਵਾਜਪਾਈ (ਸਵਰਗੀ) ਨੂੰ ਅਸਤੀਫਾ ਦੇਣ ਦਾ ਇਰਾਦਾ ਕਰ ਲਿਆ, ਪਰ ਤੂਫਾਨ ਲੰਘ ਗਿਆ ਸੀ, ਜਿਸ ਬਾਰੇ ਪਾਰਟੀ ਆਗੂ ਵਿਜੇਰਾਜੇ ਸਿੰਧੀਆ ਨੇ ਰਾਹਤ ਅਤੇ ਸੰਤੁਸ਼ਟ ਜ਼ਾਹਰ ਕੀਤੀ ਕਿ ਭਾਜਪਾ ਵੰਡੀ ਨਹੀਂ ਹੈ। ਜਦੋਂ ਪਾਰਟੀ ਦਾ ਦਾਇਰਾ ਫੈਲ ਗਿਆ, ਉਦੋਂ ਇਸ ਦੇ ਵਿਰੋਧੀ ਸੁੰਗੜ ਗਏ ਹਨ, ਜਿਵੇਂ ਕਾਂਗਰਸ ਅਤੇ ਕਮਿਊਨਿਸਟ, ਜਦ ਕਿ ਸਮਾਜਵਾਦੀ ਤਾਂ ਦ੍ਰਿਸ਼ 'ਚੋਂ ਗਾਇਬ ਹੀ ਹੋ ਚੁੱਕੇ ਹਨ। 2014 ਵਿੱਚ ਭਾਜਪਾ ਨੇ ਆਪਣਾ ਚੋਟੀ ਤੱਕ ਉਭਾਰ ਦੇਖਿਆ, ਪਰ ਅੱਜ ਕੱਲ੍ਹ ਅਚਾਨਕ ਕਈ ਸੂਬਿਆਂ ਦੀਆਂ ਚੋਣਾਂ 'ਚ ਹਾਰ ਦੀਆਂ ਸੱਟਾਂ ਲੱਗਣ ਪਿੱਛੋਂ ਸੰਕੇਤ ਹਨ ਕਿ ਇਹ ਸ਼ਾਇਦ ਲੰਮੇ ਸਮੇਂ ਤੱਕ ਇਸ ਸਥਾਨ 'ਤੇ ਨਹੀਂ ਰਹਿ ਸਕੇਗੀ।

ਇਹ ਹੈਰਾਨੀ ਵਾਲੀ ਗੱਲ ਨਹੀਂ ਕਿ ਭਾਜਪਾ ਦੇ ਸਹਿਯੋਗੀਆਂ ਵਿੱਚ ਨਾਰਾਜ਼ਗੀ ਦੇ ਸੰਕੇਤ ਮਿਲ ਰਹੇ ਹਨ, ਜਿਸ ਕਾਰਨ ਇਸ ਨੂੰ ਬਿਹਾਰ ਵਿੱਚ 'ਪੈਚਵਰਕ' ਕਰਨਾ ਪਿਆ ਤੇ ਪਾਰਟੀ ਨੂੰ ਲੋਕ ਜਨਸ਼ਕਤੀ ਪਾਰਟੀ (ਲੋਜਪਾ) ਨਾਲ ਆਪਣੇ ਸੰਬੰਧ ਬਣਾਈ ਰੱਖਣ ਵਿੱਚ ਸਫਲਤਾ ਮਿਲੀ, ਪਰ ਇਹ ਇੱਕ ਹੋਰ ਸਹਿਯੋਗੀ ਰਾਸ਼ਟਰੀ ਲੋਕ ਸਮਤਾ ਪਾਰਟੀ ਨੂੰ ਐਨ ਡੀ ਏ ਗੱਠਜੋੜ ਛੱਡ ਕੇ ਯੂ ਪੀ ਏ ਵਿੱਚ ਸ਼ਾਮਲ ਹੋਣ ਤੋਂ ਨਹੀਂ ਰੋਕ ਸਕੀ।

ਇਸ ਦੌਰਾਨ ਹਮੇਸ਼ਾ ਨਾਰਾਜ਼ ਸ਼ਿਵ ਸੈਨਾ, ਜੋ ਰਸਮੀ ਤੌਰ ਉਤੇ ਭਾਜਪਾ ਦੀ ਸਹਿਯੋਗੀ ਬਣੀ ਰਹੀ ਹੈ, ਨੇ ਇਸ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ, ਖਾਸ ਕਰ ਕੇ ਇਸ ਵਾਰ ਕਾਂਗਰਸ ਦੀ ਹਾਂ ਵਿੱਚ ਹਾਂ ਮਿਲਾਉਂਦਿਆਂ ਰਾਫੇਲ ਸੌਦੇ ਬਾਰੇ, ਪਰ ਇਨ੍ਹਾਂ ਝਟਕਿਆਂ ਨੂੰ ਆਮ ਪ੍ਰਤੀਕਿਰਿਆ ਕਹਿ ਕੇ ਅਣਡਿੱਠ ਕੀਤਾ ਜਾ ਸਕਦਾ ਸੀ, ਜਦੋਂ 'ਵੱਡਾ ਭਰਾ' ਅਸੁਰੱਖਿਅਤ ਦਿੱਸ ਰਿਹਾ ਹੋਵੇ, ਪਰ ਕੇਂਦਰੀ ਸੜਕੀ ਆਵਾਜਾਈ ਅਤੇ ਹਾਈਵੇਜ਼ ਮੰਤਰੀ ਨਿਤਿਨ ਗਡਕਰੀ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ ਅਹਿਮ ਸਨ, ਜਿਨ੍ਹਾਂ ਨੂੰ ਪਾਰਟੀ ਦੇ ਵੱਡੇ ਆਗੂਆਂ 'ਤੇ ਸਿੱਧੇ ਹਮਲੇ ਦੇ ਰੂਪ ਵਿੱਚ ਦੇਖਿਆ ਗਿਆ।

ਮਿਸਾਲ ਵਜੋਂ ਗਡਕਰੀ ਦਾ ਇਹ ਵਿਚਾਰ ਕਿ ਕੋਈ ਸਿਰਫ ਇਸ ਲਈ ਚੋਣਾਂ ਨਹੀਂ ਜਿੱਤ ਸਕਦਾ ਕਿ ਉਹ ਚੰਗਾ ਬੁਲਾਰਾ ਹੈ। ਇਸ ਨੂੰ ਕਿਸੇ ਹੋਰ ਵਿਰੁੱਧ ਨਹੀਂ, ਸਗੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਆਲੋਚਨਾ ਵਜੋਂ ਦੇਖਿਆ ਗਿਆ, ਜਿਨ੍ਹਾਂ ਦੀ ਭਾਸ਼ਣ ਕਲਾ ਭਾਜਪਾ ਨੂੰ ਸੰਕਟ 'ਚੋਂ ਕੱਢਣ ਵਾਲੀ ਸਿੱਧ ਹੋਈ ਹੈ। ਫਿਰ ਵੀ ਇਹ ਤੱਥ ਕਿ ਮੋਦੀ ਦੀ ਭਾਸ਼ਣ ਕਲਾ ਪਾਰਟੀ ਦੀ ਕਰਨਾਟਕ, ਰਾਜਸਥਾਨ, ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਦੀਆਂ ਵਿਧਾਨ ਸਭਾ ਚੋਣਾਂ 'ਚ ਮਦਦ ਨਹੀਂ ਕਰ ਸਕੀ, ਸਿਆਸੀ ਵਿਸ਼ਲੇਸ਼ਕਾਂ ਦੀ ਨਜ਼ਰ ਤੋਂ ਨਹੀਂ ਬਚਿਆ। ਜੇ ਗਡਕਰੀ ਇਹ ਕਹਿੰਦੇ ਹਨ ਕਿ ਚੋਣ ਬੇੜੀ ਪਾਰ ਕਰਨ ਲਈ ਚੰਗਾ ਬੁਲਾਰਾ ਹੋਣਾ ਕਾਫੀ ਨਹੀਂ ਤਾਂ ਇਹ ਇਸ ਲਈ ਹੋ ਸਕਦਾ ਹੈ ਕਿ ਸ਼ਾਇਦ ਉਹ ਇਹ ਮੰਨਦੇ ਹੋਣ ਕਿ ਪਾਰਟੀ 'ਚ ਬਾਕੀ ਲੋਕ ਆਪਣੀ ਭੂਮਿਕਾ ਨਹੀਂ ਨਿਭਾ ਰਹੇ। ਮਿਸਾਲ ਵਜੋਂ ਉਨ੍ਹਾਂ ਕਿਹਾ ਕਿ 'ਜੇ ਮੈਂ ਪਾਰਟੀ ਦਾ ਪ੍ਰਧਾਨ ਹਾਂ ਤੇ ਮੇਰੇ ਪਾਰਲੀਮੈਂਟ ਮੈਂਬਰ ਅਤੇ ਵਿਧਾਇਕ ਚੰਗਾ ਕੰਮ ਨਹੀਂ ਕਰਦੇ ਤਾਂ ਜ਼ਿੰਮੇਵਾਰ ਕੌਣ ਹੈ? ਮੈਂ ਹਾਂ।" ਇਸ ਦੀ ਵੀ ਵਿਆਖਿਆ ਕਰਨ ਦੀ ਲੋੜ ਹੈ। ਇਸ ਤੋਂ ਇਲਾਵਾ ਗਡਕਰੀ ਦੀ ਇਹ ਰਾਏ ਕਿ ਜੂਨੀਅਰ ਲੋਕਾਂ ਦੇ ਵਿਚਾਰਾਂ ਨੂੰ ਅਹਿਮੀਅਤ ਦਿੱਤੀ ਜਾਣੀ ਚਾਹੀਦੀ ਹੈ ਅਤੇ ਜ਼ਰੂਰ ਉਨ੍ਹਾਂ ਪ੍ਰਤੀ ਸਾਂਝੀ ਭਾਵਨਾ ਹੋਣੀ ਚਾਹੀਦੀ ਹੈ, ਸੰਗਠਨਾਤਮਕ ਅਹੁਦਿਆਂ 'ਤੇ ਬੈਠੇ ਲੋਕਾਂ 'ਤੇ ਵਿਅੰਗ ਹੈ। 'ਭਾਰਤ ਦੇ ਇੱਕ ਸਹਿਣਸ਼ੀਲ ਦੇਸ਼ ਵਾਲੇ ਅਕਸ ਨੇ ਪਰਵਾਸੀਆਂ ਨੂੰ ਇਥੇ ਆਉਣ ਅਤੇ ਵਸਣ ਲਈ ਪ੍ਰੇਰਿਤ ਕੀਤਾ ਹੈ'-ਇਹ ਕਹਿ ਕੇ ਗਡਕਰੀ ਨੇ ਅਜਿਹਾ ਵਿਚਾਰ ਪ੍ਰਗਟਾਇਆ ਹੈ, ਜੋ ਵੀਰ ਸਾਵਰਕਰ ਵੱਲੋਂ ਬਾਹਰਲੇ ਲੋਕਾਂ ਨੂੰ 'ਏਲੀਅਨ' ਕਹਿਣ ਅਤੇ ਗੁਰੂ ਗੋਲਵਲਕਰ ਵੱਲੋਂ ਉਨ੍ਹਾਂ ਨੂੰ ਦੂਜੇ ਦਰਜੇ ਦੇ ਨਾਗਰਿਕ ਕਹਿਣ ਦੇ ਦ੍ਰਿਸ਼ਟਾਂਤਾਂ ਨਾਲ ਬਹੁਤ ਘੱਟ ਮੇਲ ਖਾਂਦਾ ਹੈ। ਗਡਕਰੀ ਦੀ ਸੋਚ ਦਾ ਸਭ ਤੋਂ ਅਹਿਮ ਪਹਿਲੂ ਸੀ ਉਨ੍ਹਾਂ ਵੱਲੋਂ ਪੰਡਿਤ ਜਵਾਹਰ ਲਾਲ ਨਹਿਰੂ ਦੀ ਤਾਰੀਫ ਕਰਨਾ, ਜੋ ਅਜਿਹੇ ਵਿਅਕਤੀ ਹਨ, ਜਿਨ੍ਹਾਂ ਨਾਲ ਹੁਣ ਭਾਜਪਾ ਨਫਰਤ ਕਰਨ ਨੂੰ ਅਹਿਮੀਅਤ ਦਿੰਦੀ ਹੈ। ਉਸ ਦੀਆਂ ਟਿੱਪਣੀਆਂ ਨੇ ਸੁਭਾਵਿਕ ਤੌਰ 'ਤੇ ਉਨ੍ਹਾਂ ਦੇ ਇਰਾਦਿਆਂ ਬਾਰੇ ਖਦਸ਼ੇ ਪੈਦਾ ਕਰ ਦਿੱਤੇ ਹਨ। ਮਿਸਾਲ ਵਜੋਂ ਭਾਜਪਾ ਦੇ ਸਾਬਕਾ ਨੇਤਾ ਯਸ਼ਵੰਤ ਸਿਨਹਾ ਨੇ ਕਿਹਾ ਹੈ ਕਿ ਕੇਂਦਰੀ ਮੰਤਰੀ ਆਪਣੀ ਸਥਿਤੀ ਇੱਕ ਅਜਿਹੇ ਵਿਅਕਤੀ ਵਜੋਂ ਬਣਾ ਰਹੇ ਹਨ, ਜੋ ਭਾਜਪਾ ਵੱਲੋਂ ਆਪਣੇ ਦਮ 'ਤੇ ਬਹੁਮਤ ਹਾਸਲ ਨਾ ਕਰ ਸਕਣ ਦੀ ਸਥਿਤੀ ਵਿੱਚ ਇੱਕ ਸਹਿਮਤੀ ਵਾਲੀ ਵਿਵਸਥਾ ਦੇ ਤਹਿਤ ਨਰਿੰਦਰ ਮੋਦੀ ਦੀ ਥਾਂ ਲੈ ਸਕਣ, ਜਿਵੇਂ ਕਿ ਆਮ ਤੌਰ 'ਤੇ ਮੰਨਿਆ ਜਾਂਦਾ ਹੈ।

ਖੁਦ ਨੂੰ ਇੱਕ ਦਿਆਲੂ, ਨਿਮਰ ਸੁਭਾਅ ਦੇ ਵਿਅਕਤੀ ਵਜੋਂ ਪੇਸ਼ ਕਰ ਕੇ ਸ਼ਾਇਦ ਗਡਕਰੀ ਆਮ ਚੋਣਾਂ ਮਗਰੋਂ ਦੀ ਸਥਿਤੀ ਵਿੱਚ ਪੁਰਾਣੇ ਤੇ ਨਵੇਂ ਸਹਿਯੋਗੀਆਂ ਲਈ ਵੱਧ ਸਵੀਕਾਰ ਯੋਗ ਹੋ ਸਕਦੇ ਹਨ। ਉਨ੍ਹਾਂ ਨੂੰ ਦੋ ਫਾਇਦੇ ਹਨ- ਇੱਕ ਹੈ ਸੰਘ ਨਾਲ ਉਨ੍ਹਾਂ ਦੀ ਨੇੜਤਾ, ਜੋ ਭਾਜਪਾ ਵਿੱਚ ਉਨ੍ਹਾਂ ਦੇ ਆਲੋਚਕਾਂ ਨੂੰ ਕੁਸਕਣ ਨਹੀਂ ਦੇਵੇਗੀ ਤੇ ਦੂਜਾ ਨਿਪੁੰਨਤਾ ਬਾਰੇ ਉਨ੍ਹਾਂ ਦੀ ਪ੍ਰਸਿੱਧੀ, ਜੋ ਉਨ੍ਹਾਂ ਨੇ ਆਪਣੀ ਦੇਖ ਰੇਖ ਹੇਠ ਹਾਈਵੇਜ਼ ਦੀ ਉਸਾਰੀ ਤੇ ਹੋਰ ਢਾਂਚਾਗਤ ਵਿਕਾਸ ਕਾਰਜਾਂ ਨਾਲ ਵਿਆਪਕ ਤੌਰ 'ਤੇ ਦਰਸਾਈ ਹੈ। ਸਮੀਖਿਅਕਾਂ ਲਈ ਆਉਣ ਵਾਲੇ ਹਫਤਿਆਂ ਅਤੇ ਮਹੀਨਿਆਂ ਦੌਰਾਨ ਨਿੱਜੀ ਤੌਰ 'ਤੇ ਉਤਰਾਅ-ਚੜ੍ਹਾਅ ਭਾਜਪਾ ਨੂੰ ਇੱਕ ਕੱਟੜ ਫਿਰਕੂ ਸੰਗਠਨ ਦੀ ਮੁੱਖ ਧਾਰਾ ਵਜੋਂ ਪੇਸ਼ ਕਰ ਸਕਦੇ ਹਨ।

# ਰਿੱਧੀ ਖੀਰ ਤੇ ਬਣ ਗਿਆ ਦਲੀਆ

-ਗੁਰਦੀਪ ਸਿੰਘ

ਮੇਰੇ ਪਿੰਡ ਦੇ ਪੰਡਿਤ ਘਨਸ਼ਾਮ ਦਾਸ ਦਾ ਮੁੰਡਾ ਦੀਪਾ ਜਦੋਂ ਦਸਵੀਂ ਵਿੱਚੋਂ ਦੂਜੀ ਵਾਰ ਫੇਲ੍ਹ ਹੋ ਗਿਆ ਤਾਂ ਉਹ ਆਪਣੇ ਮੁੰਡੇ ਨੂੰ ਕਹਿਣ ਲੱਗਾ ਕਿ ਜੇ ਹੋਰ ਪੜ੍ਹਨਾ ਲਿਖਣਾ ਤੇਰੇ ਵੱਸ ਦੀ ਗੱਲ ਨਹੀਂ ਤਾਂ ਕੋਈ ਕੰਮ ਧੰਦਾ ਕਰ ਲੈ। ਦੀਪਾ ਸੋਚਣ ਲੱਗਾ ਕਿ ਕੀ ਕੰਮ ਕੀਤਾ ਜਾਵੇ? ਆਖਰ ਉਸ ਨੂੰ ਇਕ ਤਰਕੀਬ ਸੁੱਝੀ ਤੇ ਉਹ ਇਕ ਤੋਤਾ ਲੈ ਆਇਆ। ਉਹ ਉਸ ਨੂੰ ਆਪਣੀ ਬੋਲੀ ਵਿੱਚ ਸਿੱਖਿਆ ਦੇਣ ਲੱਗਾ। ਜਦੋਂ ਤੋਤਾ ਉਸ ਦੀ ਦਿੱਤੀ ਸਿੱਖਿਆ ਵਿੱਚ ਮਾਹਰ ਹੋ ਗਿਆ ਤਾਂ ਉਸ ਨੇ 25-30 ਲਿਫਾਫੇ ਲੈ ਕੇ ਉਨ੍ਹਾਂ ਵਿੱਚ ਲੋਕਾਂ ਦਾ ਭਵਿੱਖ ਤੇ ਉਨ੍ਹਾਂ ਦੀ ਕਿਸਮਤ ਬੰਦ ਕਰਕੇ ਲਿਫਾਫੇ ਤਿਆਰ ਕਰ ਲਏ। ਉਸ ਨੇ ਤੋਤੇ ਨੂੰ ਇਸ ਤਰ੍ਹਾਂ ਸਿਖਾਇਆ ਸੀ ਕਿ ਜਦੋਂ ਮੈਂ ਕਹਾਂ ਕਿ ਗੰਗਾ ਰਾਮ ਜੀ, 'ਇਸ ਇਨਸਾਨ ਦੀ ਕਿਸਮਤ ਦਾ ਹਾਲ ਦੱਸੋ' ਤਾਂ ਪਿੰਜਰੇ ਵਿੱਚੋਂ ਥੋੜ੍ਹਾ ਬਾਹਰ ਆ ਕੇ ਉਹ ਥੱਲੇ ਪਏ 25-30 ਲਿਫਾਫਿਆਂ 'ਚੋਂ ਇਕ ਨੂੰ ਮੂੰਹ ਨਾਲ ਚੁੱਕ ਕੇ ਉਸ ਗਾਹਕ ਵੱਲ ਸੁੱਟ ਦੇਵੇ। ਫਿਰ ਦੀਪਾ ਲਿਫਾਫੇ 'ਚੋਂ ਪਹਿਲਾਂ ਲਿਖੀ ਹੋਈ ਪਰਚੀ ਬਾਹਰ ਕੱਢਦਾ ਤੇ ਸਬੰਧਤ ਵਿਅਕਤੀ ਨੂੰ ਉਸ ਦੇ ਭਵਿੱਖ ਦਾ ਹਾਲ ਸੁਣਾ ਦਿੰਦਾ ਅਤੇ ਗਾਹਕ ਤੋਂ ਪਹਿਲਾਂ ਮਿੱਥੀ ਗਈ ਫੀਸ ਲੈ ਲੈਂਦਾ।

ਕੁਝ ਸਮਾਂ ਪਹਿਲਾਂ ਦੀ ਗੱਲ ਹੈ। ਇਕ ਦਿਨ ਜਦੋਂ ਮੈਂ ਸ਼ਹਿਰ ਦੀ ਮਾਲ ਰੋਡ ਤੋਂ ਲੰਘ ਰਿਹਾ ਸੀ ਤਾਂ ਦੀਪਾ ਮਾਲ ਰੋਡ ਦੇ ਨਾਲ ਬਣੀ ਪਟੜੀ 'ਤੇ ਚਾਦਰ ਵਿਛਾ ਕੇ ਬੈਠਾ ਸੀ, ਜਿਸ 'ਤੇ ਉਸ ਨੇ 25-30 ਲਿਫਾਫੇ ਰੱਖੇ ਹੋਏ ਸਨ ਤੇ ਨਾਲ ਪਿੰਜਰੇ ਵਿੱਚ ਤੋਤਾ ਗਾਹਕਾਂ ਲਈ ਹਾਜ਼ਰ ਸੀ। ਇਹ ਦੇਖ ਕੇ ਮੈਂ ਕਿਹਾ, 'ਦੀਪਿਆ! ਆਹ ਕੀ ਕੰਮ ਸ਼ੁਰੂ ਕਰ ਲਿਆ ਹੈ?' ਉਹ ਕਹਿਣ ਲੱਗਾ, 'ਬਾਈ ਜੀ! ਰੋਜ਼ੀ ਰੋਟੀ ਦਾ ਕੋਈ ਤਾਂ ਜੁਗਾੜ ਕਰਨਾ ਸੀ।' ਇਸ ਸੰਦਰਭ ਵਿੱਚ ਮੈਨੂੰ ਇਕ ਹੋਰ ਗੱਲ ਯਾਦ ਆ ਗਈ। ਮੇਰੀ ਨੌਕਰੀ ਦੌਰਾਨ ਮੇਰਾ ਇਕ ਸਹਿਕਰਮੀ ਅਜਿਹਾ ਸੀ, ਜਿਸ ਦੇ ਪੁੱਠੇ ਸਿੱਧੇ ਕਾਰਨਾਮਿਆਂ ਤੋਂ ਮਹਿਕਮੇ ਦੇ ਉਪਰਲੇ ਅਫਸਰ ਖੁਸ਼ ਨਹੀਂ ਸਨ, ਪਰ ਉਹ ਹਮੇਸ਼ਾ ਦਫਤਰ ਦੇ ਮੇਜ਼ 'ਤੇ ਇਕ ਛੋਟੀ ਜਿਹੀ ਤਖਤੀ ਸਜਾ ਕੇ ਰੱਖਦਾ ਜਿਸ 'ਤੇ ਬੜੀ ਸੁੰਦਰ ਲਿਖਾਈ ਵਿੱਚ ਲਿਖਿਆ ਸੀ, 'ਜੋ ਕਿਸਮਤ ਮੇਂ ਲਿਖਾ ਹੈ, ਵੋਹ ਜ਼ਰੂਰ ਮਿਲੇਗਾ, ਜੋ ਨਹੀਂ ਹੈ ਵੋਹ ਆ ਕਰ ਭੀ ਚਲਾ ਜਾਏਗਾ।' ਉਹ ਜਿਥੇ ਵੀ ਬਦਲੀ ਹੋ ਕੇ ਜਾਂਦਾ, ਉਥੇ ਦਫਤਰ ਵਿੱਚ ਉਸ ਦੇ ਮੇਜ਼ 'ਤੇ ਉਹ ਤਖਤੀ ਜ਼ਰੂਰ ਹਰ ਸਮੇਂ ਪਈ ਰਹਿੰਦੀ।

ਇਸੇ ਗੱਲ ਤੋਂ ਮੈਨੂੰ ਇਕ ਕਹਾਣੀ ਯਾਦ ਆ ਗਈ ਕਿ ਇਕ ਜੋਤਸ਼ੀ ਆਪਣੀ ਜੋਤਿਸ਼ ਵਿੱਦਿਆ ਵਿੱਚ ਬੜਾ ਮਾਹਰ ਸੀ। ਉਸ ਨੇ ਜੋਤਿਸ਼ ਲਾ ਕੇ ਵਿਚਾਰਿਆ ਕਿ ਦੁਨੀਆ ਵਿੱਚ ਪਾਰਸ ਹੈ ਜਾਂ ਨਹੀਂ। ਜੇ ਹੈ ਤਾਂ ਕਿੱਥੇ? ਕਿਸ ਸ਼ਕਲ ਦਾ ਹੈ? ਹਿਸਾਬ ਲਾ ਕੇ ਪਤਾ ਲੱਗਾ ਕਿ ਪਾਰਸ ਹੈ, ਪਰ ਅਟਕ ਦਰਿਆ ਦੇ ਕੰਢੇ ਪੱਥਰ ਦੀ ਸ਼ਕਲ ਦਾ ਹੈ। ਫਿਰ ਉਸ ਨੇ ਜੋਤਿਸ਼ ਲਾ ਕੇ ਵੇਖਿਆ ਕਿ ਉਥੇ ਕਿੰਨਾ ਚਿਰ ਪਿਆ ਰਹੇਗਾ ਤਾਂ ਹਿਸਾਬ ਨਿਕਲਿਆ ਕਿ 90 ਦਿਨ ਉਥੇ ਰਹੇਗਾ। ਉਸ ਦੇ ਮਨ ਵਿੱਚ ਆਇਆ ਕਿ ਕਿਉਂ ਨਾ ਮੈਂ ਉਸ ਨੂੰ ਚੁੱਕ ਲਿਆਵਾਂ। ਫਿਰ ਮੈਨੂੰ ਕੋਈ ਭੁੱਖ ਨਹੀਂ ਰਹੇਗੀ ਤੇ ਲੋਹੇ ਨੂੰ ਛੁਹਾ ਕੇ ਸੋਨਾ ਬਣਾ ਕੇ ਬੇਅੰਤ ਦੌਲਤ ਪੈਦਾ ਕਰ ਲਵਾਂਗਾ। ਆਖਰ ਉਹ ਉਸ ਨੂੰ ਪ੍ਰਾਪਤ ਕਰਨ ਲਈ ਘਰੋਂ ਨਿਕਲ ਪਿਆ ਤੇ ਠੀਕ 90ਵੇਂ ਦਿਨ ਅਟਕ ਦਰਿਆ ਦੇ ਕੰਢੇ 'ਤੇ ਪੁੱਜ ਗਿਆ। ਜੋਤਿਸ਼ ਅਨੁਸਾਰ ਉਸੇ ਪੱਥਰ ਦੀ ਸ਼ਕਲ ਦਾ ਪਾਰਸ ਉਥੇ ਪਿਆ ਸੀ।

ਅਜੇ 8-10 ਕਦਮ ਉਰੇ ਸੀ ਕਿ ਇਕ ਪਾਣੀ ਭਰਨ ਵਾਲੀ ਮਾਈ ਨੇ ਉਹ ਪੱਥਰ ਚੱਕ ਲਿਆ ਤੇ ਦਰਿਆ ਦੇ ਪਾਣੀ ਨਾਲ ਉਹ ਪੱਥਰ ਰਗੜ ਕੇ ਆਪਣੇ ਪੈਰਾਂ ਤੋਂ ਮੈਲ ਲਾਹੁਣ ਲੱਗ ਪਈ। ਪੰਡਿਤ ਜੀ ਇਹ ਸਭ ਕੁਝ ਸਾਹਮਣੇ ਖੜੇ ਵੇਖ ਰਹੇ ਸਨ। ਉਹ ਚਾਹੁੰਦੇ ਤਾਂ ਸੀ ਕਿ ਝਪਟਾ ਮਾਰ ਕੇ ਉਸ ਤੋਂ ਖੋਹ ਲਵਾਂ, ਪਰ ਹੀਆ ਨਾ ਪੈਂਦਾ। ਦਿਲ ਵਿੱਚ ਆਖਦਾ ਕਿ ਜੇ ਮੈਂ ਇਸ ਤੋਂ ਮੰਗ ਲਵਾਂ ਤਾਂ ਇਸ ਨੇ ਦੇਣਾ ਨਹੀਂ। ਇਹੋ ਆਖੇਗੀ ਕਿ ਆਹ ਹੋਰ ਇਹੋ ਜਿਹੀਆਂ ਕਿੰਨੀਆਂ ਗੀਟੀਆਂ ਪਈਆਂ ਨੇ, ਉਹ ਚੁੱਕ ਲੈ, ਪਰ ਮਾਈ ਨੂੰ ਕੀ ਪਤੈ ਕਿ ਇਹ ਪਾਰਸ ਦੀ ਗੀਟੀ ਹੈ। ਫਿਰ ਸੋਚਦਾ ਕਿ ਮਾਈ ਨੂੰ ਕਹਿ ਦੇਵਾਂ ਕਿ ਇਹ ਪਾਰਸ ਦੀ ਗੀਟੀ ਹੈ, ਮੈਨੂੰ ਫੜਾ ਦੇ। ਅਗਲੇ ਪਲ ਸੋਚਦਾ ਕਿ ਅਜਿਹਾ ਕੌਣ ਮੂਰਖ ਹੈ ਕਿ ਹੱਥ ਆਇਆ ਪਾਰਸ ਦੂਜੇ ਨੂੰ ਫੜਾ ਦੇਵੇ। ਫਿਰ ਚੁੱਪ ਕਰਕੇ ਬੈਠ ਗਿਆ। ਜਦੋਂ ਮਾਈ ਪੈਰ ਧੋ ਕੇ ਚਲੀ ਜਾਵੇਗੀ, ਮੈਂ ਇਸ ਪੱਥਰ ਨੂੰ ਚੁੱਕ ਲਵਾਂਗਾ।

ਉਧਰ ਮਾਈ ਨੇ ਪੈਰ ਧੋ ਕੇ ਉਹ ਪਾਰਸ ਦੀ ਗੀਟੀ ਦਰਿਆ ਵਿੱਚ ਵਗਾਹ ਮਾਰੀ। ਪੰਡਿਤ ਨੇ ਠੰਢਾ ਹਉਕਾ ਭਰ ਕੇ ਆਖਿਆ, 'ਮਾਈ! ਇਹ ਕੀ ਲੋਹੜਾ ਮਾਰਿਆ ਈ? ਇਹ ਗੀਟੀ ਲੈਣ ਵਾਸਤੇ ਤਾਂ ਮੈਂ ਇਥੇ ਆਇਆ ਸੀ।' ਇੰਨਾ ਕਹਿ ਕੇ ਪੰਡਿਤ ਰੋਣ ਪਿੱਟਣ ਲੱਗ ਪਿਆ। ਮਾਈ ਨੇ ਕਿਹਾ, 'ਪੰਡਿਤ ਜੀ! ਤੁਸੀਂ ਮੈਨੂੰ ਬੜੇ ਸਿਆਣੇ ਲੱਗਦੇ ਹੋ। ਵਿਦਵਾਨ ਵੀ ਹੋ। ਫਿਰ ਇਕ ਪੱਥਰ ਦੀ ਗੀਟੀ ਵਾਸਤੇ ਬੱਚਿਆਂ ਵਾਂਗੂੰ ਕਿਉਂ ਰੋ ਪਿੱਟ ਰਹੇ ਹੋ? ਇਥੇ ਭਲਾ ਪੱਥਰ ਗੀਟੀਆਂ ਦਾ ਕੋਈ ਘਾਟਾ ਹੈ। ਜਿੰਨੀਆਂ ਚਾਹੋ ਲੈ ਲਵੋ।' ਪੰਡਿਤ ਨੇ ਕਿਹਾ, 'ਮਾਈ! ਤੂੰ ਕੀ ਜਾਣੇ? ਉਹ ਪੱਥਰ ਦੀ ਗੀਟੀ ਨਹੀਂ, ਉਹ ਪਾਰਸ ਸੀ।'

ਮਾਈ ਨੇ ਹੈਰਾਨ ਹੋ ਕੇ ਕਿਹਾ ਕਿ ਤੈਨੂੰ ਕਿਵੇਂ ਪਤਾ ਕਿ ਉਹ ਪਾਰਸ ਸੀ।' ਪੰਡਿਤ ਨੇ ਦੱਸਿਆ ਕਿ ਇਹ ਸਾਰਾ ਕੁਝ ਮੈਂ ਜੋਤਿਸ਼ ਵਿੱਦਿਆ ਦੇ ਹਿਸਾਬ ਨਾਲ ਹੀ ਪਤਾ ਲਾਇਆ ਸੀ ਅਤੇ ਐਨੀ ਦੂਰੋਂ ਚੱਲ ਕੇ ਇਥੇ ਆਇਆ ਸੀ। ਮਾਈ ਨੇ ਬੜੇ ਧੀਰਜ ਨਾਲ ਕਿਹਾ, 'ਪੰਡਿਤ ਜੀ! ਤੁਸੀਂ ਇਹ ਤਾਂ ਸਾਰਾ ਕੁਝ ਜਾਣ ਲਿਆ ਸੀ ਕਿ ਪਾਰਸ ਦਰਿਆ ਕੰਢੇ ਪਿਆ ਹੈ ਤੇ ਮੰਜ਼ਿਲ 'ਤੇ ਪੁੱਜ ਵੀ ਗਏ, ਪਰ ਐਨਾ ਕੁਝ ਕਰਨ ਤੋਂ ਪਹਿਲਾਂ ਇਹ ਨਹੀਂ ਜਾਣਿਆ ਕਿ ਪਾਰਸ ਦਾ ਪ੍ਰਾਪਤ ਹੋਣਾ ਕਿਸਮਤ ਵਿੱਚ ਹੈ ਜਾਂ ਨਹੀਂ। ਮੈਂ ਤੇਰੀ ਕਿਸਮਤ ਹਾਂ। ਤੇਰੇ ਭਾਗਾਂ ਵਿੱਚ ਪਾਰਸ ਦਾ ਮਿਲਣਾ ਨਹੀਂ ਹੈ। ਜਾਹ ਆਰਾਮ ਨਾਲ ਜਾ ਕੇ ਬੈਠ। ਇੰਨਾ ਕਹਿ ਕੇ ਮਾਈ ਲੋਪ ਹੋ ਗਈ ਤੇ ਪੰਡਿਤ ਸੋਚਦਾ ਹੋਇਆ ਘਰ ਮੁੜ ਆਇਆ ਕਿ ਸੱਚਮੁੱਚ ਹੀ ਕਿਸਮਤ ਤੋਂ ਬਿਨਾਂ ਕੋਈ ਪਦਾਰਥ ਨਹੀਂ ਮਿਲ ਸਕਦਾ।

ਭਗਵਤ ਗੀਤਾ ਅਨੁਸਾਰ ਭਗਵਾਨ ਕ੍ਰਿਸ਼ਨ ਨੇ ਵੀ ਅਰਜਨ ਨੂੰ ਇਹ ਉਪਦੇਸ਼ ਦਿੱਤਾ ਸੀ, 'ਹੇ ਅਰਜਨ! ਤੂੰ ਕਰਮ ਕਰੀ ਜਾ, ਪਰ ਫਲ ਦੀ ਇੱਛਾ ਨਾ ਕਰ।'

ਅੱਜ ਦੀ ਨੌਜਵਾਨ ਪੀੜ੍ਹੀ ਨੂੰ ਇਹੋ ਸਿੱਖਿਆ ਹੈ ਕਿ ਸਾਨੂੰ ਕਰਮ ਕਰਦੇ ਰਹਿਣਾ ਚਾਹੀਦਾ ਹੈ। ਜ਼ਿੰਦਗੀ 'ਚ ਹਮੇਸ਼ਾ ਸਖਤ ਮਿਹਨਤ ਕਰਦੇ ਰਹਿਣਾ ਚਾਹੀਦਾ ਹੈ। ਫਲ ਦੀ ਇੱਛਾ ਮਨ ਵਿੱਚ ਨਾ ਰੱਖੋ। ਟੀਚੇ ਦੀ ਪ੍ਰਾਪਤੀ ਲਈ ਜੀਅ ਜਾਨ ਨਾਲ ਜੁਟੇ ਰਹੋ ਤਾਂ ਉਹ ਦਿਨ ਦੂਰ ਨਹੀਂ, ਜਦੋਂ ਸਫਲਤਾ ਤੁਹਾਡੀਆਂ ਬਰੂਹਾਂ 'ਤੇ ਦਸਤਕ ਦੇਵੇਗੀ। ਫਲ ਦੀ ਇੱਛਾ ਰੱਖਣ ਵਾਲੇ ਜ਼ਿੰਦਗੀ ਦੇ ਹਰ ਮੋਰਚੇ 'ਤੇ ਨਾਕਾਮ ਰਹਿ ਜਾਂਦੇ ਹਨ ਤੇ ਬਾਅਦ 'ਚ ਦੋਸ਼ ਆਪਣੀ ਕਿਸਮਤ ਨੂੰ ਦਿੰਦੇ ਹਨ। ਅਸੀਂ ਦ੍ਰਿੜ ਇਰਾਦੇ ਨਾਲ ਮਿਹਨਤ ਕਰਾਂਗੇ ਤਾਂ ਕਿਸਮਤ ਆਪਣੇ ਆਪ ਬਲਵਾਨ ਹੋ ਜਾਵੇਗੀ।

# ਕੀ ਅਯੁੱਧਿਆ ਮੁੱਦੇ ਨਾਲ ਭਾਜਪਾ ਨੂੰ ਸਿਆਸੀ ਨਿਰਵਾਣ ਪ੍ਰਾਪਤ ਹੋਵੇਗਾ

-ਪੂਨਮ ਆਈ ਕੌਸ਼ਿਸ਼

ਸਿਆਸਤਦਾਨ ਅਪਵਿੱਤਰ ਲੋਕ ਹਨ। ਚਾਹੇ ਧਰਮ ਹੋਵੇ, ਦੰਗੇ ਹੋਣ ਜਾਂ ਘਪਲੇ, ਉਹ ਹਰ ਕਿਸੇ ਮੁੱਦੇ 'ਤੇ ਆਪਣੇ ਨਜ਼ਰੀਏ ਨੂੰ ਹੀ ਸਭ ਤੋਂ ਵਧੀਆ ਮੰਨਦੇ ਹਨ ਅਤੇ ਜਦੋਂ ਸੱਤਾ ਦਾ ਆਧਾਰ ਬਚਾਉਣ ਦੀ ਗੱਲ ਆਵੇ ਤਾਂ ਸੱਤਾ ਦੇ ਭਗਤ, ਕੱਟੜਪੰਥੀ ਬਣ ਜਾਂਦੇ ਹਨ। ਸੰਘ ਪਰਵਾਰ ਦਾ ਅਯੁੱਧਿਆ ਦੇ ਮੁੱਦੇ ਉੱਤੇ 'ਜੇਹਾਦ' ਇਸ ਦਾ ਸਭ ਤੋਂ ਵੱਡਾ ਸਬੂਤ ਹੈ। ਇਸ ਦੀ ਸ਼ੁਰੂਆਤ ਪਿਛਲੇ ਸਾਲ ਅਕਤੂਬਰ 'ਚ ਹੋਈ ਸੀ, ਜਦੋਂ ਯੂ ਪੀ ਸਰਕਾਰ ਨੇ ਸੁਪਰੀਮ ਕੋਰਟ ਨੂੰ ਅਪੀਲ ਕੀਤੀ ਸੀ ਕਿ ਉਹ 2010 ਵਿੱਚ ਇਲਾਹਾਬਾਦ ਹਾਈ ਕੋਰਟ ਵੱਲੋਂ ਦਿੱਤੇ ਫੈਸਲੇ ਨੂੰ ਚੁਣੌਤੀ ਦੇਣ ਵਾਲੀਆਂ 16 ਅਪੀਲਾਂ 'ਤੇ ਫੌਰਨ ਸੁਣਵਾਈ ਕਰੇ। ਇਲਾਹਾਬਾਦ ਹਾਈ ਕੋਰਟ ਨੇ ਰਾਮ ਜਨਮ ਭੂਮੀ-ਬਾਬਰੀ ਮਸਜਿਦ ਕੇਸ ਵਿੱਚ 2.77 ਏਕੜ ਜ਼ਮੀਨ ਬਾਰੇ ਫੈਸਲਾ ਦਿੱਤਾ ਸੀ ਕਿ ਇਸ ਨੂੰ ਰਾਮ ਲੱਲਾ, ਸੁੰਨੀ ਵਕਫ ਬੋਰਡ ਅਤੇ ਨਿਰਮੋਹੀ ਅਖਾੜੇ ਵਿਚਾਲੇ ਬਰਾਬਰ ਵੰਡ ਦਿੱਤਾ ਜਾਵੇ। ਸੁਪਰੀਮ ਕੋਰਟ ਨੇ ਇਸ ਦੀ ਸੁਣਵਾਈ ਚਾਰ ਜਨਵਰੀ ਤੱਕ ਲਈ ਟਾਲ ਦਿੱਤੀ ਤਾਂ ਇਸ ਤੋਂ ਨਾਰਾਜ਼ ਹੋ ਕੇ ਹਿੰਦੂਤਵ ਬ੍ਰਿਗੇਡ ਨੇ ਸਰਕਾਰ ਤੋਂ ਮੰਗ ਕੀਤੀ ਕਿ ਉਹ ਇਸ ਬਾਰੇ ਆਰਡੀਨੈਂਸ ਜਾਰੀ ਕਰੇ। ਇਸ ਨੂੰ ਪ੍ਰਧਾਨ ਮੰਤਰੀ ਨੇ ਇਹ ਕਹਿ ਕੇ ਠੁਕਰਾ ਦਿੱਤਾ ਸੀ ਕਿ ਇਸ ਬਾਰੇ ਕੋਈ ਵੀ ਫੈਸਲਾ ਜੁਡੀਸ਼ਲ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਲਿਆ ਜਾਏਗਾ, ਪਰ ਸੁਪਰੀਮ ਕੋਰਟ ਨੇ ਫਿਰ ਸੰਘ ਪਰਵਾਰ ਦੀ ਇੱਛਾ ਮੁਤਾਬਕ ਫੈਸਲਾ ਨਹੀਂ ਲਿਆ ਤੇ ਕੇਸ ਦੀ ਸੁਣਵਾਈ ਦੀ ਅਗਲੀ ਤਰੀਕ 30 ਸਕਿੰਟਾਂ ਅੰਦਰ ਹੀ 10 ਜਨਵਰੀ ਨਿਰਧਾਰਤ ਕਰ ਦਿੱਤੀ ਹੈ।

ਅਯੁੱਧਿਆ 'ਚ ਰਾਮ ਮੰਦਰ ਦੀ ਉਸਾਰੀ ਬਾਰੇ ਪਾਏ ਜਾ ਰਹੇ ਰੌਲੇ ਰੱਪੇ ਦੇ ਸਮੇਂ ਬਾਰੇ ਕਈ ਸਵਾਲ ਉਠੇ ਹਨ ਅਤੇ ਇਹ ਵੀ ਕਿ ਚੋਣਾਂ ਮੌਕੇ ਭਾਜਪਾ ਲਈ ਅਯੁੱਧਿਆ ਮੁੱਦਾ ਅਹਿਮ ਕਿਉਂ ਹੈ? ਸੰਘ ਪਰਵਾਰ ਚੋਣਾਂ ਨੇੜੇ ਆਉਣ 'ਤੇ ਹੀ ਇਸ ਮੁੱਦੇ ਨੂੰ ਕਿਉਂ ਉਠਾਉਂਦਾ ਹੈ? ਸਾਲ 1989 ਤੋਂ ਇਹੋ ਸਥਿਤੀ ਬਣੀ ਹੋਈ ਹੈ। ਚੋਣਾਂ ਆਉਂਦਿਆਂ ਹੀ ਸੰਘ ਪਰਵਾਰ ਰਾਮ ਮੰਦਰ ਮੁੱਦੇ ਨੂੰ ਛੇੜ ਦਿੰਦਾ ਹੈ ਤੇ ਇਸ ਤੋਂ ਚੋਣ ਲਾਭ ਉਠਾਉਂਦਾ ਹੈ। ਸਾਲ 1989 ਵਿੱਚ ਰਾਮ ਮੰਦਰ ਦਾ ਨੀਂਹ ਪੱਥਰ ਰੱਖਣ ਤੋਂ ਲੈ ਕੇ ਸੰਘ ਪਰਵਾਰ ਲਈ ਅਯੁੱਧਿਆ ਇਕ ਕੇਂਦਰੀ ਬਿੰਦੂ ਬਣ ਗਿਆ ਹੈ। ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਇਸ ਨੂੰ ਰਾਸ਼ਟਰਵਾਦ ਦਾ ਮੁੱਦਾ ਅਤੇ ਭਾਰਤੀ ਚੇਤਨਾ ਦਾ ਕੇਂਦਰ ਦੱਸਦੇ ਹਨ।

ਅਡਵਾਨੀ ਦੀ ਰੱਥ ਯਾਤਰਾ ਨੇ ਇਸ ਨੂੰ ਹਿੰਦੂ ਰਾਸ਼ਟਰਵਾਦ ਦਾ ਰੂਪ ਦਿੱਤਾ। ਉਸ ਪਿੱਛੋਂ ਕਾਰ-ਸੇਵਾ ਸ਼ੁਰੂ ਕਰ ਕੇ ਬਾਬਰੀ ਮਸਜਿਦ ਢਾਹ ਦਿੱਤੀ ਗਈ। ਸੰਘ ਪਰਵਾਰ ਕੋਈ ਵੀ ਚੋਣਾਂ ਆਉਣ ਤੋਂ ਕੁਝ ਮਹੀਨੇ ਪਹਿਲਾਂ ਅਯੁੱਧਿਆ 'ਚ ਰਾਮ ਮੰਦਰ ਦੀ ਉਸਾਰੀ ਦਾ ਵਾਅਦਾ ਕਰਦਾ ਹੈ। 1991 ਵਿੱਚ ਵੀ ਉਸ ਨੇ ਇਹੋ ਕੀਤਾ, ਜਿਸ ਦਾ ਭਾਜਪਾ ਨੂੰ ਲਾਭ ਹੋਇਆ ਕਿਉਂਕਿ 1984 ਵਿੱਚ ਲੋਕ ਸਭਾ ਅੰਦਰ ਭਾਜਪਾ ਦੇ ਦੋ ਮੈਂਬਰਾਂ ਤੋਂ 1991 ਵਿੱਚ ਉਨ੍ਹਾਂ ਦੀ ਗਿਣਤੀ 91 ਹੋ ਗਈ। ਉਸ ਤੋਂ ਬਾਅਦ ਕੇਂਦਰ ਤੇ ਰਾਜਾਂ ਵਿੱਚ ਭਾਜਪਾ ਨੂੰ ਇਸ ਮੁੱਦੇ ਨਾਲ ਲਾਭ ਮਿਲਦਾ ਰਿਹਾ। 1996 ਦੀਆਂ ਯੂ ਪੀ ਵਿਧਾਨ ਸਭਾ ਚੋਣਾਂ 'ਚ ਭਾਜਪਾ ਇਕੱਲੀ ਸਭ ਤੋਂ ਵੱਡੀ ਪਾਰਟੀ ਬਣੀ। 1999 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੇ ਵਾਅਦਾ ਕੀਤਾ ਕਿ ਸੰਨ 2000 ਤੱਕ ਮੰਦਰ ਦੀ ਉਸਾਰੀ ਸ਼ੁਰੂ ਹੋ ਜਾਵੇਗੀ। ਫਿਰ 2004 ਅਤੇ 2009 ਵਿੱਚ ਵੀ ਇਹੋ ਸਥਿਤੀ ਰਹੀ।

ਲੋਕ ਸਭਾ 'ਚ ਇਸ ਵੇਲੇ ਭਾਜਪਾ ਦੇ 273 ਐੱਮ ਪੀ ਹਨ ਤੇ ਉਤਰ ਪ੍ਰਦੇਸ਼ ਵਿੱਚ ਵੀ ਇਸ ਦੀ ਸਰਕਾਰ ਹੈ, ਪਰ 'ਸ਼ੇਰ ਆਇਆ-ਸ਼ੇਰ ਆਇਆ' ਵਾਂਗ ਇਹ ਮੁੱਦਾ ਆਪਣੀ ਸਾਰਥਿਕਤਾ ਗੁਆ ਰਿਹਾ ਹੈ। ਉੱਚ ਜਾਤ ਵਾਲੇ ਹਿੰਦੂਆਂ ਦਾ ਭਾਜਪਾ ਤੋਂ ਮੋਹ ਭੰਗ ਹੋ ਰਿਹਾ ਹੈ ਤੇ ਕੁਝ ਲੋਕ ਮੁੜ ਕਾਂਗਰਸ ਵੱਲ ਦੇਖਣ ਲੱਗ ਪਏ ਹਨ, ਜਦ ਕਿ ਨਵੀਂ ਪੀੜ੍ਹੀ ਇਸ ਨੂੰ ਮੁੱਦਾ ਹੀ ਨਹੀਂ ਮੰਨਦੀ, ਉਹ ਰੋਜ਼ਗਾਰ, ਆਰਥਿਕ ਤਰੱਕੀ, ਜੀਵਨ ਦੀ ਗੁਣਵੱਤਾ ਨੂੰ ਵੱਧ ਮਹੱਤਵ ਦਿੰਦੀ ਹੈ। ਸੁਪਰੀਮ ਕੋਰਟ ਨੇ ਵਿਵਾਦ ਵਾਲੀ ਜਗ੍ਹਾ 'ਤੇ ਸਥਿਤੀ ਜਿਉਂ ਦੀ ਤਿਉਂ ਬਣਾਉਣ ਦਾ ਹੁਕਮ ਦਿੱਤਾ ਹੈ ਅਤੇ ਸੰਘ ਪਰਵਾਰ ਨੂੰ ਲੱਗਣ ਲੱਗਾ ਹੈ ਕਿ ਇਸ ਮੁੱਦੇ ਨਾਲ ਲੋੜੀਂਦਾ ਲਾਭ ਨਹੀਂ ਮਿਲ ਸਕਦਾ, ਫਿਰ ਵੀ ਉਹ ਇਸ ਨੂੰ ਛੱਡਣਾ ਨਹੀਂ ਚਾਹੁੰਦਾ।

ਹਾਲ ਹੀ ਦੇ ਹਫਤਿਆਂ 'ਚ ਅਯੁੱਧਿਆ ਮੁੱਦੇ ਦਾ ਫਿਰ ਗਰਮਾਉਣਾ ਆਪਾ-ਵਿਰੋਧ ਹੈ ਕਿਉਂਕਿ 2014 'ਚ ਭਾਜਪਾ ਨੇ 'ਚੰਗੇ ਦਿਨ' ਰੋਜ਼ਗਾਰ, ਭ੍ਰਿਸ਼ਟਾਚਾਰ ਤੋਂ ਮੁਕਤ ਸ਼ਾਸਨ ਤੇ ਨਵੇਂ ਭਾਰਤ ਦੇ ਨਿਰਮਾਣ ਦੇ ਵਾਅਦੇ ਨਾਲ ਜਿੱਤ ਪ੍ਰਾਪਤ ਕੀਤੀ ਸੀ, ਪਰ ਪਿੱਛੇ ਜਿਹੇ ਹੋਈਆਂ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ 'ਚ ਤਿੰਨ ਵੱਡੇ ਰਾਜਾਂ ਵਿੱਚ ਭਾਜਪਾ ਦੀ ਹਾਰ ਅਤੇ ਆਮ ਆਦਮੀ ਦਾ ਪਾਰਟੀ ਤੋਂ ਮੋਹ ਭੰਗ ਹੋਣ ਕਰ ਕੇ ਇਸ ਦੀ ਨਿਰਾਸ਼ਾ ਸਮਝੀ ਜਾ ਸਕਦੀ ਹੈ, ਇਸ ਲਈ ਭਾਜਪਾ ਹੁਣ ਆਮ ਚੋਣਾਂ ਲਈ ਕੋਈ ਨਵਾਂ ਫਾਰਮੂਲਾ ਲੱਭ ਰਹੀ ਹੈ। ਇੱਕ ਸਾਲ ਪਹਿਲਾਂ ਲੱਗਦਾ ਸੀ ਕਿ ਭਾਜਪਾ ਆਮ ਚੋਣਾਂ ਜਿੱਤ ਜਾਵੇਗੀ, ਪਰ ਅੱਜ ਉਸ ਦੀ ਜਿੱਤ ਯਕੀਨੀ ਨਹੀਂ ਲੱਗਦੀ। ਇਸ ਲਈ ਅਯੁੱਧਿਆ 'ਚ ਰਾਮ ਮੰਦਰ ਦਾ ਮੁੱਦਾ ਉਛਾਲਿਆ ਗਿਆ ਹੈ ਤੇ ਭਾਜਪਾ ਨੂੰ ਉਮੀਦ ਹੈ ਕਿ ਇਸ ਨਾਲ ਹਿੰਦੂ ਵੋਟਾਂ ਇਕਜੁੱਟ ਹੋਣਗੀਆਂ ਅਤੇ ਭਾਜਪਾ ਨੂੰ ਮੁੜ ਸੱਤਾ ਵਿੱਚ ਆਉਣ ਦਾ ਮੌਕਾ ਮਿਲੇਗਾ। ਇਸ ਮੁੱਦੇ ਨੂੰ ਅੱਗੇ ਵਧਾਉਣ ਵਿੱਚ ਆਰ ਐਸ ਐਸ ਦੀ ਮੋਹਰੀ ਭੂਮਿਕਾ ਹੈ। ਸੰਘ ਦੇ ਮੁਖੀ ਭਾਗਵਤ ਨੇ ਕਿਹਾ ਹੈ ਕਿ ਅਯੁੱਧਿਆ 'ਚ ਸਿਰਫ ਰਾਮ ਮੰਦਰ ਬਣਾਇਆ ਜਾਵੇਗਾ। ਦੂਜੇ ਪਾਸੇ ਵਿਸ਼ਵ ਹਿੰਦੂ ਪ੍ਰੀਸ਼ਦ ਕਹਿੰਦੀ ਹੈ ਕਿ ਅਦਾਲਤ ਦੇ ਫੈਸਲੇ ਲਈ ਹਿੰਦੂ ਅਣਮਿੱਥੇ ਸਮੇਂ ਤੱਕ ਉਡੀਕ ਨਹੀਂ ਕਰ ਸਕਦੇ। ਭਗਵਾ ਬ੍ਰਿਗੇਡ ਦੁਚਿੱਤੀ ਵਾਲੀ ਸਥਿਤੀ 'ਚ ਹੈ ਕਿ ਉਹ ਸਰਕਾਰ ਦਾ ਰੁਖ ਅਪਣਾਏ ਜਾਂ ਇਸ ਮੁੱਦੇ 'ਤੇ ਆਪਣੇ ਅੰਦੋਲਨ ਨੂੰ ਅੱਗੇ ਵਧਾਏ।

ਇਸ ਸਮੇਂ ਮੋਦੀ ਸਮਰਥਕ ਧੜਾ ਸਥਿਤੀ ਨੂੰ ਜਿਉਂ ਦੀ ਤਿਉਂ ਬਣਾਈ ਰੱਖਣਾ ਚਾਹੁੰਦਾ ਹੈ ਅਤੇ ਰਾਮ ਮੰਦਰ ਦੀ ਉਸਾਰੀ ਦਾ ਮਾਹੌਲ ਬਣਾਉਣਾ ਚਾਹੁੰਦਾ ਹੈ। ਕੱਟੜਵਾਦੀ ਧੜਾ ਇਸ ਮੁੱਦੇ ਉੱਤੇ ਪੈਰ ਪਿੱਛੇ ਖਿੱਚਣ ਕਰ ਕੇ ਨਾਰਾਜ਼ ਹੈ। ਪਰਵਾਰ ਦੇ ਕੁਝ ਲੋਕਾਂ ਦਾ ਮੰਨਣਾ ਹੈ ਕਿ ਸੰਘ ਇਸ ਅੰਦੋਲਨ ਨੂੰ ਕਮਜ਼ੋਰ ਹੋਣ ਨਹੀਂ ਦੇ ਸਕਦਾ, ਇਸੇ ਲਈ ਅਯੁੱਧਿਆ ਮੁੱਦੇ ਨੂੰ ਮੁੜ ਉਛਾਲਿਆ ਗਿਆ ਹੈ। ਜੇ ਸਰਕਾਰ ਅਤੇ ਆਪਣੇ ਸੰਗਠਨ ਚੋਂ ਕਿਸੇ ਇਕ ਨੂੰ ਚੁਣਨ ਦੀ ਵਾਰੀ ਆਈ ਤਾਂ ਸੰਘ ਆਪਣੇ ਸੰਗਠਨ ਨੂੰ ਚੁਣੇਗਾ, ਹਾਲਾਂਕਿ ਕੇਂਦਰ ਦੇ ਫੈਸਲਿਆਂ ਅਤੇ ਨੀਤੀਆਂ ਨਾਲ ਉਸ ਨੂੰ ਲਾਭ ਹੋਇਆ ਹੈ।

ਭਾਜਪਾ ਲਈ ਅਯੁੱਧਿਆ ਕਰੋ ਜਾਂ ਮਰੋ ਦਾ ਸੰਘਰਸ਼ ਹੈ ਕਿਉਂਕਿ ਉਤਰ ਪ੍ਰਦੇਸ਼ ਤੋਂ ਲੋਕ ਸਭਾ ਵਿੱਚ ਅੱਸੀ ਸੀਟਾਂ ਹਨ ਅਤੇ ਉਸ ਨੂੰ ਉਮੀਦ ਹੈ ਕਿ ਭਗਵਾਨ ਰਾਮ ਉਸ 'ਤੇ ਕ੍ਰਿਪਾ ਕਰਨਗੇ। ਹਾਰ ਦਾ ਮਤਲਬ ਹੈ ਭਾਰਤ 'ਤੇ ਰਾਜ ਕਰਨ ਅਤੇ 'ਕਾਂਗਰਸ-ਮੁਕਤ ਭਾਰਤ' ਬਣਾਉਣ ਦਾ ਸੁਫਨਾ ਟੁੱਟ ਜਾਵੇਗਾ ਅਤੇ ਉਸ ਦੀ ਸਿਆਸੀ ਹੋਂਦ ਲਈ ਸੰਕਟ ਪੈਦਾ ਹੋ ਜਾਵੇਗਾ। ਲੱਗਦਾ ਹੈ ਕਿ ਮੋਦੀ ਸਰਕਾਰ ਕੋਲ ਸਮਾਂ ਨਹੀਂ ਹੈ, ਕਿਉਂਕਿ ਅਯੁੱਧਿਆ 'ਚ ਰਾਮ ਮੰਦਰ ਦੀ ਉਸਾਰੀ ਲਈ ਸੰਘ ਦੇ ਸਮਰਥਕ ਆਪਣੀ ਰੂਪ-ਰੇਖਾ ਤੈਅ ਕਰਨ ਲੱਗ ਪਏ ਹਨ। ਇਸੇ ਲਈ ਹਿੰਦੂਤਵ ਬ੍ਰਿਗੇਡ ਪੁਰਾਣੇ ਫਾਰਮੂਲੇ 'ਤੇ ਉਤਰ ਆਈ ਹੈ, ਜਿਸ ਨੇ ਮੰਦਰ ਨੂੰ ਮੁੜ ਤੋਂ ਮੁੱਖ ਮੁੱਦਾ ਬਣਾਇਆ ਹੈ, ਜਿਸ 'ਤੇ ਮੁੜ ਤੋਂ ਵੋਟਰਾਂ ਦਾ ਧਰੁਵੀਕਰਨ ਕੀਤਾ ਜਾ ਸਕਦਾ ਹੈ। ਰਾਸ਼ਟਰੀ ਸਵੈਮ ਸੇਵਕ ਸੰਘ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਹਰੇਕ ਲੋਕ ਸਭਾ ਚੋਣ ਹਲਕੇ ਵਿੱਚ ਧਰਮ ਸੰਸਦ ਆਯੋਜਤ ਕਰਨ ਦੀ ਯੋਜਨਾ ਬਣਾਈ ਹੈ। ਵਿਸ਼ਵ ਹਿੰਦੂ ਪ੍ਰੀਸ਼ਦ ਅਯੁੱਧਿਆ 'ਚ ਰਾਮ ਮੰਦਰ ਦੀ ਉਸਾਰੀ ਲਈ ਲੋਕਾਂ ਦਾ ਸਮਰਥਨ ਜੁਟਾਉਣ ਲਈ ਘਰ-ਘਰ ਜਾਣ ਦੀ ਮੁਹਿੰਮ ਦੀ ਤਿਆਰੀ ਸ਼ੁਰੂ ਕਰ ਰਿਹਾ ਹੈ। ਇਹ ਮੁੱਦਾ ਹਮੇਸ਼ਾ ਤੋਂ ਹੀ ਉਨ੍ਹਾਂ ਦੀ ਧਰਮ ਆਧਾਰਤ ਸਿਆਸਤ ਦਾ ਹਿੱਸਾ ਰਿਹਾ ਹੈ।

ਅਯੁੱਧਿਆ ਮੁੱਦੇ ਨੂੰ ਮੁੜ ਕੇਂਦਰ 'ਚ ਲਿਆਉਣ ਨਾਲ ਭਾਜਪਾ ਦੇ ਵਰਕਰਾਂ ਅਤੇ ਰਵਾਇਤੀ ਵੋਟਰਾਂ 'ਚ ਅਗਲੀਆਂ ਲੋਕ ਸਭਾ ਚੋਣਾਂ ਲਈ ਪਾਰਟੀ ਪ੍ਰਤੀ ਕੁਝ ਭਰੋਸੇਯੋਗਤਾ ਵਧੇਗੀ, ਪਰ ਕੀ ਮੋਦੀ ਵਾਲੀ ਐਨ ਡੀ ਏ ਸਰਕਾਰ ਸੰਘ ਦੇ ਇਸ ਕਦਮ ਦਾ ਸਮਰਥਨ ਕਰੇਗੀ? ਭਾਜਪਾ ਦੇ ਇੱਕ ਰਾਜ ਸਭਾ ਮੈਂਬਰ ਨੇ ਪਹਿਲਾਂ ਹੀ ਕਹਿ ਦਿੱਤਾ ਹੈ ਕਿ ਰਾਮ ਮੰਦਰ ਦੀ ਉਸਾਰੀ ਲਈ ਉਹ ਗੈਰ ਸਰਕਾਰੀ ਮੈਂਬਰ ਬਿੱਲ ਪੇਸ਼ ਕਰੇਗਾ ਕਿਉਂਕਿ ਰਾਮ ਮੰਦਰ ਹਿੰਦੂ ਸਮਾਜ ਦੀ ਤਰਜੀਹ ਹੈ।

ਕੁੱਲ ਮਿਲਾ ਕੇ ਵਿਵਾਦਪੂਰਨ ਜਗ੍ਹਾ ਤੋਂ ਮਸਜਿਦ ਹਟਾ ਦਿੱਤੀ ਗਈ ਹੈ ਤੇ ਉਥੇ ਕੁਝ ਏਕੜ ਜ਼ਮੀਨ ਪਈ ਹੋਈ ਹੈ, ਜੋ ਕਾਨੂੰਨੀ ਵਿਵਾਦ 'ਚ ਫਸੀ ਹੋਈ ਹੈ। ਕੀ ਮੋਦੀ ਸਰਕਾਰ ਭਾਜਪਾ ਦੇ ਕੁਝ ਦੋਸਤਾਂ ਅਤੇ ਸਹਿਯੋਗੀਆਂ ਦੇ ਵਿਰੋਧ ਦੇ ਬਾਵਜੂਦ ਅਯੁੱਧਿਆ ਮਾਮਲੇ 'ਚ ਜੂਆ ਖੇਡੇਗੀ? ਪਾਰਟੀ ਦੁਚਿੱਤੀ 'ਚ ਹੈ ਤੇ ਹਾਲੇ ਭਾਜਪਾ ਇਸ ਮੁੱਦੇ 'ਤੇ ਕਈ ਮੁਸ਼ਕਲਾਂ ਦਾ ਸਾਹਮਣਾ ਕਰ ਰਹੀ ਹੈ। ਸਿਆਸਤ ਅਸਲ ਵਿੱਚ ਤ੍ਰਾਸਦੀਆਂ ਨਾਲ ਭਰੀ ਹੋਈ ਹੈ। ਦੇਖਣਾ ਇਹ ਹੈ ਕਿ ਕੀ ਅਯੁੱਧਿਆ ਮੁੱਦਾ ਅਗਲੀਆਂ ਚੋਣਾਂ ਵਿੱਚ ਮੋਦੀ ਅਤੇ ਸੰਘ ਦਾ ਅੰਤ ਕਰੇਗਾ ਜਾਂ ਉਸ ਨੂੰ ਸਿਆਸੀ ਨਿਰਵਾਣ ਪ੍ਰਾਪਤ ਹੋਵੇਗਾ।

ਕਿ ਤੁਸੀ Auto ਤੇ Home Insurance ਦੀਆਂ ਵਡੀਆਂ ਕਿਸ਼ਤਾਂ ਤੋਂ ਪਰੇਸ਼ਾਨ ਹੋ? Insurance ਕਰਵਾਈ ਸੀ ਪਰ ਬਣੀ ਨੀ ਗੱਲ?

ਤਾਂ ਘਬਰਾਓ ਨਾ ਸੁਜੀਤ ਮਾਜੁਮਦਾਰ ਨੂੰ ਕਾਲ ਕਰੋ ਤੇ ਆਪਣੇ ਪੈਸੇ ਬਚਾਓ!

If you have 'G' license, 3 years experience & a clean record call today for the lowest & best insurance rates

Sujit Majumdar
Agent
Cell: 647-292-1996

Paying too much for auto insurance?
Call today for best & low rates!

27 Rean Drive, Unit 11, Toronto, ON M2K 0A6

Dr. Randhawa Dentistry



Your own dentist who really cares for you

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

Dr. Samreet Kaur Randhawa
General Family Dentist


New Patients welcome
Deal Directly with all Insurance Companies

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111




NEED A LAWYER ??
KAUR LAW OFFICE

Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

## ਪੰਜਾਬੀ ਯੂਨੀਵਰਸਿਟੀ 50 ਫੀਸਦੀ ਤੋਂ ਘੱਟ ਦਾਖਲੇ ਵਾਲੇ ਕੋਰਸ ਬੰਦ ਕਰੇਗੀ

ਪਟਿਆਲਾ, 10 ਜਨਵਰੀ (ਪੋਸਟ ਬਿਊਰੋ)- ਵਿੱਤੀ ਸੰਕਟ ਨਾਲ ਜੂਝ ਰਹੀ ਪੰਜਾਬੀ ਯੂਨੀਵਰਸਿਟੀ ਕੁਝ ਸਖਤ ਕਦਮ ਚੁੱਕਣ ਲਈ ਤਿਆਰ ਹੈ। ਇਸ ਦੇ ਅਗਲੇ ਸੈਸ਼ਨ 2018-19 ਵਿੱਚ ਜਿਨ੍ਹਾਂ ਕੋਰਸਾਂ ਵਿੱਚ ਸੀਟਾਂ 50 ਫੀਸਦੀ ਤੋਂ ਘੱਟ ਭਰੀਆਂ, ਉਨ੍ਹਾਂ ਨੂੰ ਬੰਦ ਕਰ ਸਕਦੀ ਹੈ। ਰਿਵਿਊ ਲਈ ਅਗਲੇ ਹਫਤੇ ਪੰਜਾਬੀ ਯੂਨੀਵਰਸਿਟੀ ਨੇ ਸਾਰੇ ਡਿਪਾਰਟਮੈਂਟ ਦੀ ਮੀਟਿੰਗ ਬੁਲਾਈ ਹੈ, ਜਿਸ ਵਿੱਚ ਉਹ ਕੁਝ ਵੱਡੇ ਫੈਸਲੇ ਲੈ ਸਕਦੀ ਹੈ।

ਡੀਨ ਅਕਾਦਮਿਕਸ ਡਾਕਟਰ ਗੁਰਦੀਪ ਬੱਤਰਾ ਨੇ ਦੱਸਿਆ ਕਿ ਕੋਰਸਾਂ ਵਿੱਚ ਘੱਟ ਐਡਮਿਸ਼ਨ ਦੇਖਦੇ ਹੋਏ ਉਨ੍ਹਾਂ ਦੇ ਹੈਡ ਵੀ ਮੀਟਿੰਗ ਕਰ ਰਹੇ ਹਨ। ਕੋਸ਼ਿਸ਼ ਹੋ ਰਹੀ ਹੈ ਕਿ ਉਨ੍ਹਾਂ ਕੋਰਸਾਂ ਨੂੰ ਸ਼ੁਰੂ ਕੀਤਾ ਜਾਏ ਜਿਨ੍ਹਾਂ ਵਿੱਚ ਸਟੂਡੈਂਟਸ ਦੀ ਦਿਲਚਸਪੀ ਹੋਵੇ। ਮੀਟਿੰਗ ਵਿੱਚ ਸਾਰੇ ਡਿਪਾਰਟਮੈਂਟਸ ਦੇ ਹੈਡ ਅਤੇ ਕੰਸਟੀਚਿਊਟ ਕਾਲਜਾਂ ਦੇ ਪ੍ਰਿੰਸੀਪਲ ਹੋਣਗੇ। ਇਸ ਵਿੱਚ ਸਾਰਿਆਂ ਤੋਂ ਨਵੇਂ ਕੋਰਸ ਬਾਰੇ ਸੁਝਾਅ ਅਤੇ ਪੁਰਾਣੇ ਬੰਦ ਕਰਨ ਬਾਰੇ ਚਰਚਾ ਹੋਵੇਗੀ। ਪਿਛਲੇ ਕੁਝ ਸਾਲਾਂ ਤੋਂ ਪੀ ਯੂ ਵਿੱਚ ਦਾਖਲੇ ਲਗਾਤਾਰ ਘੱਟ ਰਹੇ ਹਨ, ਜਿਸ ਕਾਰਨ ਕੁਝ ਕੋਰਸ ਬੰਦ ਕਰ ਕੇ ਨਵੇਂ ਕੋਰਸ ਚਲਾਉਣ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਇਸ ਦੇ ਲਈ ਅਗਲੇ ਹਫਤੇ ਰਿਵਿਊ ਮੀਟਿੰਗ ਹੋਵੇਗੀ।

# ਸਿੱਧੂ ਲਈ ਕੇਂਦਰੀ ਆਰਮਡ ਪੁਲਸ ਫੋਰਸ ਦੀ ਸੁਰੱਖਿਆ ਲਾਉਣ ਦੀ ਸਿਫਾਰਸ਼

### * ਪੰਜਾਬ ਸਰਕਾਰ ਵੱਲੋਂ ਕੇਂਦਰੀ ਗ੍ਰਹਿ ਸਕੱਤਰ ਨੂੰ ਪੱਤਰ

ਚੰਡੀਗੜ੍ਹ, 10 ਜਨਵਰੀ (ਪੋਸਟ ਬਿਊਰੋ)- ਪੰਜਾਬ ਸਰਕਾਰ ਦੇ ਐਡੀਸ਼ਨਲ ਚੀਫ ਸੈਕਟਰੀ (ਹੋਮ) ਡਾ. ਨਿਰਮਲਜੀਤ ਸਿੰਘ ਕਲਸੀ ਨੇ ਕੇਂਦਰੀ ਹੋਮ ਸੈਕਟਰੀ ਰਾਜੀਵ ਗਾਬਾ ਨੂੰ ਇਕ ਡੀ ਓ ਪੱਤਰ ਲਿਖ ਕੇ ਪੰਜਾਬ ਦੇ ਕੈਬਨਿਟ ਮੰਤਰੀ ਅਤੇ ਪ੍ਰਸਿੱਧ ਸਿਆਸੀ ਤੇ ਮੀਡੀਆ ਸ਼ਖਸੀਅਤ ਨਵਜੋਤ ਸਿੰਘ ਸਿੱਧੂ ਨੂੰ ਕੇਂਦਰੀ ਆਰਮਡ ਫੋਰਸ ਦੀ ਸੁਰੱਖਿਆ ਦੇਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਵਿੱਚ ਜ਼ੈਡ ਪਲੱਸ ਸੁਰੱਖਿਆ ਦਿੱਤੀ ਹੋਈ ਹੈ, ਕਿਉਂਕਿ ਉਨ੍ਹਾਂ ਨੂੰ ਪਿਛਲੇ ਕੁਝ ਸਮੇਂ ਤੋਂ ਕੁਝ ਫਿਰਕੂ ਸੰਗਠਨਾਂ ਵੱਲੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਸਨ।

ਨਿਰਮਲਜੀਤ ਸਿੰਘ ਕਲਸੀ ਮੁਤਾਬਕ ਨਵਜੋਤ ਸਿੰਘ ਸਿੱਧੂ ਦੀ ਪਾਕਿਸਤਾਨ ਫੇਰੀ ਵੇਲੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਦੇ ਫੈਸਲੇ ਦੇ ਐਲਾਨ ਪਿੱਛੋਂ ਪਾਕਿਸਤਾਨੀ ਫੌਜ ਦੇ ਮੁਖੀ ਨੂੰ ਪਾਈ ਜੱਫੀ ਤੋਂ ਬਾਅਦ ਉਤਰ ਪ੍ਰਦੇਸ਼ ਦੇ ਹਿੰਦੂ ਯੁਵਾ ਵਾਹਨੀ ਸੰਗਠਨ ਨੇ ਉਨ੍ਹਾਂ ਦੇ ਸਿਰ ਦਾ ਇਕ ਕਰੋੜ ਰੁਪਏ ਦਾ ਇਨਾਮ ਐਲਾਨਿਆ ਤੇ ਆਗਰਾ ਹਿੰਦੂ ਯੁਵਾ ਵਾਹਨੀ ਦੇ ਮੁਖੀ ਤਰੁਣ



ਸਿੰਘ ਨੇ ਜਨਤਕ ਬਿਆਨ ਵਿੱਚ ਕਿਹਾ ਸੀ ਕਿ ਜੇ ਉਹ ਆਗਰਾ ਆਏ ਤਾਂ ਉਹ ਉਨ੍ਹਾਂ ਦਾ ਸਿਰ ਕਲਮ ਕਰਨਗੇ। ਅਜਿਹੇ ਕੁਝ ਸੰਗਠਨਾਂ ਵੱਲੋਂ ਸਿੱਧੂ ਦੇ ਵਿਰੁੱਧ ਭੜਕਾਊ ਬਿਆਨ ਵੀ ਦਿੱਤੇ ਗਏ ਸਨ। ਇਸ ਪੱਤਰ ਵਿੱਚ ਕਿਹਾ ਗਿਆ ਹੈ ਕਿ ਨਵਜੋਤ ਸਿੰਘ ਸਿੱਧੂ 2004, 2009 ਅਤੇ 2014 ਵਿੱਚ ਪਾਰਲੀਮੈਂਟ ਮੈਂਬਰ ਬਣਨ ਦੇ ਨਾਲ ਇਸ ਵਾਰ ਵਿਧਾਇਕ ਚੁਣੇ ਜਾਣ ਪਿੱਛੋਂ ਪੰਜਾਬ ਦੇ ਕੈਬਨਿਟ ਮੰਤਰੀ ਹਨ ਅਤੇ ਉਨ੍ਹਾਂ ਵੱਲੋਂ ਲਗਾਤਾਰ ਬਾਦਲ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਵਿਰੁੱਧ ਤਿੱਖੇ ਸੰਘਰਸ਼ ਅਤੇ ਮਾਫੀਆ ਅਤੇ ਗੈਂਗਸਟਰਾਂ ਤੇ ਡਰੱਗ ਮਾਫੀਏ ਨਾਲ ਅਕਾਲੀ ਆਗੂਆਂ ਦੇ ਸਬੰਧਾਂ ਦੇ ਕੀਤੇ ਤਿੱਖੇ ਵਿਰੋਧ ਕਾਰਨ ਅਜਿਹੇ ਅਨਸਰ ਉਨ੍ਹਾਂ ਦੇ ਵਿਰੁੱਧ ਹੋਏ ਹਨ। ਜੁਲਾਈ 2018 ਵਿੱਚ ਡੇਰਾ ਸਿਰਸਾ ਵੱਲੋਂ ਵੀ ਉਨ੍ਹਾਂ ਨੂੰ ਧਮਕੀਆਂ ਦਿੱਤੀਆਂ ਗਈਆਂ ਸਨ। ਉਨ੍ਹਾਂ ਕਿਹਾ ਕਿ ਨਵਜੋਤ ਸਿੰਘ ਸਿੱਧੂ, ਜਿਨ੍ਹਾਂ ਪਿੱਛਲੇ ਦਿਨਾਂ ਦੌਰਾਨ ਕੁਝ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਦੇ ਸਟਾਰ ਪ੍ਰਚਾਰਕ ਵਜੋਂ ਸਾਰੇ ਰਾਜਾਂ ਵਿੱਚ ਪ੍ਰਚਾਰ ਕੀਤਾ ਸੀ, ਨੂੰ ਅਗਲੀਆਂ ਲੋਕ ਸਭਾ ਚੋਣਾਂ ਵਿੱਚ ਵੀ ਪਾਰਟੀ ਦੇ ਸਟਾਰ ਪ੍ਰਚਾਰਕ ਵਜੋਂ ਦੇਸ਼ ਦੇ ਕਈ ਰਾਜਾਂ ਵਿੱਚ ਪ੍ਰਚਾਰ ਲਈ ਜਾਣਾ ਪਵੇਗਾ, ਇਸ ਲਈ ਵਿਰੋਧੀ ਧਿਰ ਦੀ ਤਿੱਖੀ ਨੁਕਤਾਚੀਨੀ ਅਤੇ ਫਿਰਕੂ ਅਤੇ ਅਪਰਾਧਕ ਅਨਸਰਾਂ ਤੋਂ ਉਨ੍ਹਾਂ ਲਈ ਵੱਡੇ ਖਤਰੇ ਨੂੰ ਮੁੱਖ ਰੱਖ ਕੇ ਉਨ੍ਹਾਂ ਲਈ ਲੋੜੀਂਦੀ ਸੁਰੱਖਿਆ ਦਾ ਪ੍ਰਬੰਧ ਕੀਤਾ ਜਾਣਾ ਜ਼ਰੂਰੀ ਹੈ।

ਇਸ ਬਾਰੇ ਨਿਰਮਲਜੀਤ ਸਿੰਘ ਕਲਸੀ ਨੇ ਕੇਂਦਰੀ ਹੋਮ ਸੈਕਟਰੀ ਨੂੰ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਵਜੋਤ ਸਿੰਘ ਸਿੱਧੂ ਲਈ ਕੇਂਦਰੀ ਆਰਮਡ ਪੁਲਸ ਫੋਰਸ ਦੀ ਸੁਰੱਖਿਆ ਛਤਰੀ ਦੀ ਸਿਫਾਰਸ਼ ਕੀਤੀ ਜਾਂਦੀ ਹੈ ਅਤੇ ਜੇ ਉਨ੍ਹਾਂ ਨੂੰ ਸੀ ਆਈ ਐਸ ਐਫ ਦੀ ਸੁਰੱਖਿਆ ਦਿੱਤੀ ਜਾਵੇ ਤਾਂ ਬਿਹਤਰ ਹੋਵੇਗਾ ਤਾਂ ਜੋ ਕਿਸੇ ਅਣਸੁਖਾਵੀਂ ਘਟਨਾ ਜਾਂ ਕਾਰਵਾਈ ਤੋਂ ਬਚਿਆ ਜਾ ਸਕੇ। ਵਰਨਣ ਯੋਗ ਹੈ ਕਿ ਕਾਂਗਰਸ ਹਾਈ ਕਮਾਂਡ ਨੇ ਵੀ ਵਿਧਾਨ ਸਭਾ ਚੋਣਾਂ ਮੌਕੇ ਕੇਂਦਰ ਸਰਕਾਰ ਨੂੰ ਵੱਖ-ਵੱਖ ਰਾਜਾਂ ਵਿੱਚ ਪ੍ਰਚਾਰ ਦੌਰਾਨ ਨਵਜੋਤ ਸਿੰਘ ਸਿੱਧੂ ਲਈ ਸੁਰੱਖਿਆ ਛਤਰੀ ਦੇਣ ਲਈ ਲਿਖਿਆ ਸੀ ਅਤੇ ਦੂਜੇ ਰਾਜਾਂ ਵੱਲੋਂ ਉਨ੍ਹਾਂ ਨੂੰ ਸਥਾਨਕ ਪੱਧਰ 'ਤੇ ਸੁਰੱਖਿਆ ਪ੍ਰਦਾਨ ਮਿਲਦੀ ਰਹੀ ਸੀ। ਪਤਾ ਲੱਗਾ ਹੈ ਕਿ ਪਾਰਟੀ ਹਾਈ ਕਮਾਂਡ ਵੱਲੋਂ ਪੰਜਾਬ ਨੂੰ ਵੀ ਆਉਂਦੀਆਂ ਲੋਕ ਸਭਾ ਚੋਣਾਂ ਨੂੰ ਮੁੱਖ ਰੱਖ ਕੇ ਸਿੱਧੂ ਦੀ ਸੁਰੱਖਿਆ ਦੇ ਵਿਸ਼ੇਸ਼ ਕਦਮ ਚੁੱਕਣ ਲਈ ਕਿਹਾ ਗਿਆ ਹੈ, ਜਿਸ ਨੂੰ ਮੁੱਖ ਰੱਖ ਕੇ ਰਾਜ ਦੇ ਗ੍ਰਹਿ ਵਿਭਾਗ ਵੱਲੋਂ ਉਕਤ ਕਾਰਵਾਈ ਕੀਤੀ ਗਈ ਹੈ।

# ਸੁਖਪਾਲ ਸਿੰਘ ਖਹਿਰਾ ਦੀ ਵਿਧਾਇਕੀ ਰੱਦ ਕਰਨ ਲਈ ਸਪੀਕਰ ਨੂੰ ਸ਼ਿਕਾਇਤ


ਚੰਡੀਗੜ੍ਹ, 10 ਜਨਵਰੀ (ਪੋਸਟ ਬਿਊਰੋ)- ਨਵ ਗਠਿਤ 'ਪੰਜਾਬੀ ਏਕਤਾ ਪਾਰਟੀ' ਦੇ ਮੁਖੀ ਅਤੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੀ ਵਿਧਾਇਕ ਵਜੋਂ ਮੈਂਬਰੀ ਰੱਦ ਕਰਨ ਲਈ ਪੰਜਾਬ ਵਿਧਾਨ ਸਭਾ ਦੇ ਸਪੀਕਰ ਨੂੰ ਅੱਜ ਇੱਕ ਪਟੀਸ਼ਨ ਦਾਇਰ ਕੀਤੀ ਗਈ ਹੈ, ਜਿਸ ਉੱਤੇ ਅਜੇ ਕਾਰਵਾਈ ਸ਼ੁਰੂ ਨਹੀਂ ਹੋਈ।



ਮਿਲੀ ਜਾਣਕਾਰੀ ਅਨੁਸਾਰ ਭੁਲੱਥ ਵਿਧਾਨ ਸਭਾ ਹਲਕੇ ਦੇ ਪਿੰਡ ਮੇਟਲਾ ਦੇ ਹਰਸਿਮਰਨ ਸਿੰਘ ਪੁੱਤਰ ਰਣਜੀਤ ਸਿੰਘ ਨੇ ਦਲ-ਬਦਲ ਕਾਨੂੰਨ, ਭਾਰਤੀ ਸੰਵਿਧਾਨ ਅਤੇ ਸੁਪਰੀਮ ਕੋਰਟ ਦੀ ਸਾਲ 2013 ਦੀ ਇਕ ਜੱਜਮੈਂਟ ਦਾ ਹਵਾਲਾ ਦਿੰਦੇ ਹੋਏ ਇਹ ਮੰਗ ਕੀਤੀ ਹੈ। ਖਹਿਰਾ ਵਲੋਂ ਆਮ ਆਦਮੀ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇਣ ਅਤੇ ਨਵੀਂ ਪਾਰਟੀ ਬਣਾਉਣ ਦੀਆਂ ਖ਼ਬਰਾਂ ਦੀਆਂ ਕਤਰਨਾਂ ਇਸ ਪਟੀਸ਼ਨ ਨਾਲ ਨੱਥੀ ਕਰ ਕੇ ਦੋਸ਼ ਲਾਇਆ ਗਿਆ ਕਿ ਦਲ ਬਦਲ ਕਾਨੂੰਨ ਹੇਠ ਕੋਈ ਮੈਂਬਰ ਦੂਸਰੀ ਪਾਰਟੀ ਨਹੀਂ ਬਣਾ ਸਕਦਾ ਜਾਂ ਕਿਸੇ ਹੋਰ ਪਾਰਟੀ ਵਿਚ ਨਹੀਂ ਜਾ ਸਕਦਾ। ਇਸ ਵਿੱਚ ਪਟੀਸ਼ਨਰ ਨੇ ਸੁਪਰੀਮ ਕੋਰਟ ਦੀ ਸਾਲ 2013 ਵਿਚ 'ਉੜੀਸਾ ਵਿਧਾਨ ਸਭਾ ਬਨਾਮ ਉਤਕਲ ਕੇਸਰੀ' ਜੱਜਮੈਂਟ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਫੈਸਲੇ ਦੇ 'ਪੈਰਾ ਨੰਬਰ-ਛੇ ਦੇ ਦਸਵੇਂ ਸ਼ਡਿਊਲਡ' ਮੁਤਾਬਕ ਸਪੀਕਰ ਕੋਲ ਮੈਂਬਰਸ਼ਿਪ ਰੱਦ ਕਰਨ ਦੇ ਅਧਿਕਾਰ ਹਨ। ਉਸ ਨੇ ਕਿਹਾ ਕਿ ਖਹਿਰਾ ਨੇ ਆਮ ਆਦਮੀ ਪਾਰਟੀ ਦੇ ਚੋਣ ਨਿਸ਼ਾਨ ਉੱਤੇ 2017 ਵਿੱਚ ਭੁਲੱਥ ਹਲਕੇ ਤੋਂ ਚੋਣ ਜਿੱਤੀ ਸੀ, ਪਰ ਪਿਛਲੇ ਦਿਨੀਂ ਖਹਿਰਾ ਨੇ ਆਮ ਆਦਮੀ ਪਾਰਟੀ ਹੀ ਛੱਡ ਦਿਤੀ ਹੋਣ ਕਾਰਨ ਉਸ ਦੀ ਵਿਧਾਨ ਸਭਾ ਦੀ ਮੈਂਬਰਸ਼ਿਪ ਰੱਦ ਕੀਤੀ ਜਾਣੀ ਚਾਹੀਦੀ ਹੈ।

## ਗੁਰਦੁਆਰਾ ਚੋਣ ਕਮਿਸ਼ਨਰ ਲਈ ਹਾਈ ਕੋਰਟ ਨੇ ਕੇਂਦਰ ਨੂੰ ਨਾਂਵਾਂ ਦਾ ਪੈਨਲ ਭੇਜਿਆ

ਚੰਡੀਗੜ੍ਹ, 10 ਜਨਵਰੀ (ਪੋਸਟ ਬਿਊਰੋ)- ਕੇਂਦਰ ਸਰਕਾਰ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ ਜੀ ਪੀ ਸੀ) ਦੀਆਂ ਚੋਣਾਂ ਲਈ ਸਰਗਰਮੀ ਸ਼ੁਰੂ ਹੋਏ ਪਈ ਨਜ਼ਰ ਆਉਣ ਲੱਗ ਪਈ ਹੈ। ਇਸ ਬਾਰੇ ਕੇਂਦਰ ਸਰਕਾਰ ਦੀ ਮੰਗ ਅਨੁਸਾਰ ਪੰਜਾਬ ਹਰਿਆਣਾ ਹਾਈ ਕੋਰਟ ਨੇ ਮੁੱਖ ਗੁਰਦੁਆਰਾ ਚੋਣ ਕਮਿਸ਼ਨਰ ਦੀ ਨਿਯੁਕਤੀ ਲਈ ਨਾਂਵਾਂ ਬਾਰੇ ਪੈਨਲ ਭੇਜਿਆ ਹੈ, ਜਿਸ ਦੀ ਮੁੱਖ ਜ਼ਿੰਮੇਵਾਰੀ ਕਮੇਟੀ ਦੀਆਂ ਚੋਣਾਂ ਨਾਲ ਹੀ ਸੰਬੰਧਤ ਹੋਵੇਗੀ। ਹਾਈ ਕੋਰਟ ਦੇ ਪੈਨਲ ਵਿੱਚ 11 ਸਾਬਕਾ ਜੱਜਾਂ ਦੇ ਨਾਮ ਸ਼ਾਮਲ ਹਨ। ਇਨ੍ਹਾਂ 'ਚ ਰਿਟਾਇਰਡ ਜਸਟਿਸ ਐਸ ਐਸ ਸਾਰੋਂ, ਜਸਵੀਰ ਸਿੰਘ, ਏ ਐਨ ਜਿੰਦਲ, ਆਰ ਕੇ ਗਰਗ, ਐਮ ਐਸ ਬੇਦੀ, ਐਮ ਐਸ ਸੁਲਰ, ਮਹਾਂਬੀਰ ਸਿੰਘ ਚੌਹਾਨ, ਜਸਪਾਲ ਸਿੰਘ, ਜੋਰਾ ਸਿੰਘ ਨਵਿਤਾ ਸਿੰਘ ਅਤੇ ਗੁਰਦੇਵ ਸਿੰਘ ਦੇ ਨਾਮ ਸ਼ਾਮਲ ਕੀਤੇ ਜਾਣ ਦਾ ਪਤਾ ਲੱਗਾ ਹਨ।




ਵਰਨਣ ਯੋਗ ਹੈ ਕਿ ਜਸਟਿਸ ਜੋਰਾ ਸਿੰਘ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਚੁੱਕੇ ਹਨ ਤੇ ਜਸਟਿਸ ਸਾਰੋਂ ਪੰਜਾਬ ਰੈਵੇਨਿਊ ਕਮਿਸ਼ਨ ਦੇ ਚੇਅਰਮੈਨ ਬਣਾਏ ਗਏ ਹਨ। ਰਿਟਾਇਰਡ ਜਸਟਿਸ ਐਚ ਐਸ ਬਰਾੜ ਨੇ ਪਿਛਲੀਆਂ ਚੋਣਾਂ ਦਾ ਕੰਮ ਮੁਕੰਮਲ ਕਰਨ ਪਿੱਛੋਂ ਅਹੁਦਾ ਛੱਡ ਦਿੱਤਾ ਸੀ ਤੇ 30 ਸਤੰਬਰ 2015 ਦੇ ਬਾਅਦ ਗੁਰਦੁਆਰਾ ਕਮਿਸ਼ਨਰ ਦਾ ਅਹੁਦਾ ਖਾਲੀ ਹੈ। ਕੇਂਦਰ ਸਰਕਾਰ ਵੱਲੋਂ ਮੁੱਖ ਗੁਰਦੁਆਰਾ ਚੋਣ ਕਮਿਸ਼ਨਰ ਦੀ ਨਿਯੁਕਤੀ ਮਗਰੋਂ ਐਸ ਜੀ ਪੀ ਸੀ ਚੋਣਾਂ ਦੀ ਤਿਆਰੀ ਦਾ ਕੰਮ ਸ਼ੁਰੂ ਹੋ ਸਕਦਾ ਹੈ। ਚੋਣਾਂ ਤੋਂ ਪਹਿਲਾਂ ਵੋਟਰ ਸੂਚੀਆਂ ਵਿੱਚ ਸੋਧ ਤੇ ਪਿਛਲੇ ਸਮੇਂ ਵਿੱਚ ਉਚ ਅਦਾਲਤਾਂ ਵਿੱਚ ਸਹਿਜਧਾਰੀ ਸਿੱਖਾਂ ਦੇ ਵਿਵਾਦ ਕਾਰਨ ਹੋਏ ਫੈਸਲਿਆਂ ਦੇ ਸੰਬੰਧ ਵਿੱਚ ਨਵੀਆਂ ਵੋਟਾਂ ਬਣਾਉਣ ਵਾਲਾ ਕੰਮ ਵੀ ਕਰਨਾ ਪਵੇਗਾ। ਇਸ ਦੀ ਸ਼ੁਰੂਆਤ ਕਮਿਸ਼ਨਰ ਦੀ ਨਿਯੁਕਤੀ ਦੀ ਤਰ੍ਹਾਂ ਹੀ ਹੋਵੇਗੀ।

## ਮੈਲਬਰਨ ਵਿੱਚ ਸਮੁੰਦਰ ਵਿੱਚ ਡੁੱਬ ਕੇ ਮੋਹਾਲੀ ਦੇ ਪਿਤਾ-ਪੁੱਤਰ ਦੀ ਮੌਤ

ਕੁਰਾਲੀ (ਮੋਹਾਲੀ), 10 ਜਨਵਰੀ (ਪੋਸਟ ਬਿਊਰੋ)- ਆਸਟਰੇਲੀਆ ਦੇ ਮੈਲਬਰਨ ਵਿੱਚ ਹਾਈ ਟਾਈਡ ਦੌਰਾਨ ਸਮੁੰਦਰ ਵਿੱਚ ਡੁੱਬਣ ਨਾਲ ਮੋਹਾਲੀ ਦੇ ਵਾਸੀ ਪਿਤਾ-ਪੁੱਤਰ ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ 44 ਸਾਲਾ ਚੰਦਰਪਾਲ ਵਰਮਾ ਅਤੇ ਉਨ੍ਹਾਂ ਦੇ ਬੇਟੇ 29 ਸਾਲਾ ਰਾਹੁਲ ਦੇ ਰੂਪ ਵਿੱਚ ਹੋਈ ਹੈ। ਹਾਦਸਾ 24 ਦਸੰਬਰ ਨੂੰ ਹੋਇਆ। ਪਰਵਾਰ ਮੁਤਾ-ਬਕ ਉਹ ਪਰਵਾਰ ਦੇ ਕੁਝ ਮੈਂਬਰਾਂ ਨਾਲ ਸਮੁੰਦਰ ਦੇ ਕਿਨਾਰੇ ਕ੍ਰਿਸਮਸ ਸੈਲੀਬ੍ਰੇਟ ਕਰਨ ਗਏ ਸਨ।

ਕੱਲ੍ਹ ਆਪਣੇ ਪਤੀ ਅਤੇ ਨੌਜਵਾਨ ਬੇਟੇ ਦੀ ਲਾਸ਼ ਲੈ ਕੇ ਪਰਵਾਰ ਦੀ ਮਹਿਲਾ ਆਸਟਰੇਲੀਆ ਤੋਂ ਕੁਰਾਲੀ ਪਹੁੰਚੀ ਹੈ। ਕੁਰਾਲੀ ਦੇ ਵਾਰਡ ਨੰਬਰ 14 ਦੇ ਵਾਸੀ ਪਿਤਾ-ਪੁੱਤਰ ਦੀ ਲਾਸ਼ ਪਹੁੰਚਦੇ ਸਾਰ ਪੂਰੇ ਇਲਾਕੇ ਵਿੱਚ ਮਾਤਮ ਛਾ ਗਿਆ। ਚੰਦਰਪਾਲ ਵਰਮਾ ਦੇ ਛੋਟੇ ਬੇਟੇ ਨੇ ਦੋਵਾਂ ਲਾਸ਼ਾਂ ਨੂੰ ਮੁਖ ਅਗਨੀ ਦਿੱਤੀ। ਮਿਲੀ ਜਾਣਕਾਰੀ ਅਨੁਸਾਰ ਚੰਦਰਪਾਲ ਵਰਮਾ ਪਹਿਲਾਂ ਰਾਜਪੁਰਾ ਦੀ ਘਿਓ ਫੈਕਟਰੀ ਦੇ ਇੰਜੀਨੀਅਰ ਸਨ। ਕੰਪਨੀ ਵੱਲੋਂ ਕਰੀਬ 12 ਸਾਲ ਪਹਿਲਾਂ ਉਹ ਆਸਟਰੇਲੀਆ ਵਿੱਚ ਪਰਵਾਰ ਸਮੇਤ ਸੈਟਲ ਹੋ ਗਏ। ਉਥੇ ਜਾ ਕੇ ਉਨ੍ਹਾਂ ਨੇ ਕੋਈ ਨਿੱਜੀ ਕੰਪਨੀ ਵਿੱਚ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ।

## ਕੈਨੇਡਾ ਤੋਂ ਮੁੜਦਾ ਲਾੜਾ ਪੁਲਸ ਨੇ ਦਿੱਲੀ ਏਅਰਪੋਰਟ ਤੋਂ ਫੜਿਆ

ਜਗਰਾਉਂ, 10 ਜਨਵਰੀ (ਪੋਸਟ ਬਿਊਰੋ)- ਇੰਦਰਾ ਗਾਂਧੀ ਅੰਤਰਰਾਸ਼ਟਰੀ ਏਅਰਪੋਰਟ ਦਿੱਲੀ ਤੋਂ ਫੜੇ ਕੈਨੇਡੀਅਨ ਲਾੜੇ ਅਮਨਦੀਪ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਮਹਿਲ ਕਲਾਂ ਨੂੰ ਐਨ ਆਰ ਆਈ ਥਾਣਾ ਜਗਰਾਉਂ ਪੁਲਸ ਪੰਜਾਬ ਦੀ ਅਦਾਲਤ ਵਿੱਚ ਪੇਸ਼ ਕਰਨ ਵਾਲੀ ਹੈ। ਵਰਨਣ ਯੋਗ ਹੈ ਕਿ ਅਮਨਦੀਪ ਸਿੰਘ ਦੇ ਖਿਲਾਫ ਉਸ ਦੀ ਐਨ ਆਰ ਆਈ ਪਤਨੀ ਪਰਮਿੰਦਰ ਕੌਰ ਨੇ 2015 ਵਿੱਚ ਐਨ ਆਰ ਆਈ ਥਾਣੇ 'ਚ ਧੋਖਾਧੜੀ ਦਾ ਕੇਸ ਦਰਜ ਕਰਵਾਇਆ ਸੀ ਤੇ ਕੁਝ ਮਹੀਨੇ ਪਹਿਲਾਂ ਹੀ ਇਸ ਕੇਸ ਵਿੱਚ ਦਾਜ ਦੀ ਧਾਰਾ ਦਾ ਵੀ ਵਾਧਾ ਕੀਤਾ ਗਿਆ ਹੈ। ਪੁਲਸ ਅਧਿਕਾਰੀਆਂ ਦੇ ਦੱਸਣ ਅਨੁਸਾਰ ਅਮਨਦੀਪ ਬਾਰੇ ਦਿੱਲੀ ਏਅਰਪੋਰਟ ਉਤੇ ਪੰਜਾਬ ਪੁਲਸ ਵੱਲੋਂ ਐਲ ਓ ਸੀ ਜਾਰੀ ਕੀਤਾ ਗਿਆ ਸੀ ਤੇ ਜਦੋਂ ਉਹ ਦਿੱਲੀ ਏਅਰਪੋਰਟ 'ਤੇ ਉਤਰਿਆ ਤਾਂ ਉਥੇ ਪੁਲਸ ਨੇ ਉਸ ਨੂੰ ਰੋਕ ਕੇ ਇਸ ਬਾਰੇ ਐਨ ਆਰ ਆਈ ਥਾਣਾ ਜਗਰਾਉਂ ਦੀ ਪੁਲਸ ਨੂੰ ਸੂਚਿਤ ਕਰ ਦਿੱਤਾ। ਐਨ ਆਰ ਆਈ ਥਾਣੇ ਵਿੱਚ ਦਰਜ ਕੇਸ ਤੋਂ ਇਹ ਤੱਥ ਪਤਾ ਲੱਗਾ ਕਿ ਪੀੜਤ ਮਹਿਲਾ ਨੇ ਇਸ ਤੋਂ ਪਹਿਲਾਂ ਪਿੰਡ ਰਾਜੋਆਣਾ ਦੇ ਜਸਵੀਰ ਸਿੰਘ ਨੂੰ ਵਿਦੇਸ਼ ਲਿਜਾਣ ਦਾ ਲਾਰਾ ਲਾਇਆ ਸੀ ਅਤੇ ਐਨ ਆਰ ਆਈ ਥਾਣੇ ਵਿੱਚ ਜਸਵੀਰ ਸਿੰਘ ਵੱਲੋਂ ਵੀ ਪਰਮਿੰਦਰ ਕੌਰ ਦੇ ਪਿਤਾ ਅਵਤਾਰ ਸਿੰਘ ਅਤੇ ਉਸ ਦੀ ਮਾਤਾ ਪਰਮਜੀਤ ਕੌਰ ਦੇ ਖਿਲਾਫ 20 ਲੱਖ ਰੁਪਏ ਦੇ ਫਰਾਡ ਦਾ ਕੇਸ ਦਰਜ ਹੈ।

# ਮਹਿੰਦਰਪਾਲ ਬਿੱਟੂ ਸਣੇ ਚਾਰ ਡੇਰਾ ਪ੍ਰੇਮੀਆਂ ਦੀ ਜ਼ਮਾਨਤ ਅਰਜ਼ੀ ਅਦਾਲਤ ਤੋਂ ਰੱਦ

ਫਰੀਦਕੋਟ, 10 ਜਨਵਰੀ (ਪੋਸਟ ਬਿਊਰੋ)- ਮਈ 2015 ਵਿੱਚ ਪਿੰਡ ਜਵਾਹਰ ਸਿੰਘ ਵਾਲਾ ਦੇ ਗੁਰਦੁਆਰਾ ਸਾਹਿਬ ਤੇ ਸਤੰਬਰ 2015 'ਚ ਬਰਗਾੜੀ ਵਿਖੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੇਸਾਂ ਦੀ ਜਾਂਚ ਆਈ ਜੀ ਰਣਬੀਰ ਸਿੰਘ ਖੱਟੜਾ ਦੀ ਅਗਵਾਈ ਵਾਲੀ ਵਿਸ਼ੇਸ਼ ਜਾਂਚ ਟੀਮ ਵੱਲੋਂ ਫੜੇ ਮਹਿੰਦਰਪਾਲ ਬਿੱਟੂ ਸਮੇਤ ਚਾਰ ਡੇਰਾ ਪ੍ਰੇਮੀਆਂ ਦੀ ਜ਼ਮਾਨਤ ਅਰਜ਼ੀ ਸਥਾਨਕ ਚੀਫ ਜੁਡੀਸ਼ੀਅਲ ਮੈਜਿਸਟਰੇਟ ਏਕਤਾ ਉਪਲ ਨੇ ਰੱਦ ਕਰ ਦਿੱਤੀ ਹੈ।



ਵਰਨਣ ਯੋਗ ਹੈ ਕਿ ਵਿਸ਼ੇਸ਼ ਜਾਂਚ ਟੀਮ ਵੱਲੋਂ ਬੇਅਦਬੀ ਦੇ ਕੇਸਾਂ ਦੀ ਜਾਂਚ ਦੌਰਾਨ ਮਹਿੰਦਰਪਾਲ ਬਿੱਟੂ ਦੇ ਘਰ ਪੜਤਾਲ ਦੌਰਾਨ ਇਤਰਾਜ਼ ਯੋਗ ਹਾਲਾਤ 'ਚ ਗੁਰੂ ਨਾਨਕ ਦੇਵ ਜੀ ਦੀ ਸਾਥਖ ਤੇ ਚੱਲੇ ਹੋਏ ਕਾਰਤੂਸ ਬਰਾਮਦ ਕੀਤੇ ਸਨ, ਜਿਸ ਉਤੇ ਸਿਟੀ ਪੁਲਸ ਕੋਟਕਪੂਰਾ ਨੇ 13 ਜੂਨ 2018 ਨੂੰ ਮਹਿੰਦਰਪਾਲ ਬਿੱਟੂ, ਮਹਿੰਦਰ ਕੁਮਾਰ, ਸ਼ਕਤੀ ਸਿੰਘ ਤੇ ਸੁਖਜਿੰਦਰ ਸਿੰਘ ਖਿਲਾਫ ਮੁਕੱਦਮਾ ਦਰਜ ਕੀਤਾ ਸੀ। ਪੁਲਸ ਨੇ ਮਹਿੰਦਰਪਾਲ ਸਿੰਘ ਬਿੱਟੂ ਨੂੰ ਬਰਗਾੜੀ ਅਤੇ ਬੁਰਜ ਜਵਾਹਰ ਸਿੰਘ ਵਾਲਾ ਵਿੱਚ ਹੋਈਆਂ ਬੇਅਦਬੀ ਦੀਆਂ ਘਟਨਾਵਾਂ 'ਚ ਵੀ ਦੋਸ਼ੀ ਨਾਮਜ਼ਦ ਕੀਤਾ ਸੀ ਅਤੇ ਮਹਿੰਦਰਪਾਲ ਦੇ ਨਾਲ ਡੇਰਾ ਪ੍ਰੇਮੀ ਮਹਿੰਦਰ ਕੁਮਾਰ, ਸ਼ਕਤੀ ਸਿੰਘ ਤੇ ਸੁਖਜਿੰਦਰ ਸਿੰਘ ਨੂੰ ਗ੍ਰਿਫਤਾਰ ਕੀਤਾ ਸੀ। ਪੁਲਸ ਦਾ ਦਾਅਵਾ ਸੀ ਕਿ ਫੜੇ ਗਏ ਡੇਰਾ ਪ੍ਰੇਮੀਆਂ ਨੇ ਬੈਂਕ ਖਾਤਿਆਂ ਰਾਹੀਂ ਛੇ ਕਰੋੜ ਰੁਪਏ ਦਾ ਲੈਣ ਦੇਣ ਕੀਤਾ ਹੈ। ਇਨ੍ਹਾਂ ਪ੍ਰੇਮੀਆਂ ਵਿਰੁੱਧ ਅਜੇ ਤੱਕ ਜ਼ਿਲਾ ਪੁਲਸ ਨੇ ਅਦਾਲਤ 'ਚ ਦੋਸ਼ ਪੱਤਰ ਦਾਇਰ ਨਹੀਂ ਕੀਤੇ। ਪੁਲਸ ਨੇ ਅਦਾਲਤ ਨੂੰ ਜਾਣੂੰ ਕਰਵਾ ਦਿੱਤਾ ਹੈ ਕਿ ਚਲਾਨ ਪੇਸ਼ ਕਰਨ ਲਈ ਹੋਮ ਡਿਪਾਰਟਮੈਂਟ ਦੀ ਲਿਖਤੀ ਮਨਜ਼ੂਰੀ ਲੋੜੀਂਦੀ ਹੈ ਜੋ ਅਜੇ ਵੀ ਜ਼ਿਲਾ ਪੁਲਸ ਨੂੰ ਨਹੀਂ ਮਿਲੀ। ਅਦਾਲਤ ਨੇ ਮਨਜ਼ੂਰੀ ਲੈਣ ਲਈ ਪੁਲਸ ਨੂੰ 90 ਦਿਨ ਦਾ ਹੋਰ ਸਮਾਂ ਦੇ ਦਿੱਤਾ ਹੈ।

## ਜੇਲ੍ਹੋਂ ਭੱਜਣ ਦੇ ਯਤਨ ਵਿੱਚ ਇਕ ਦੀ ਲੱਤ ਟੁੱਟੀ, ਦੋ ਜੇਲ ਵਾਰਡਰ ਸਸਪੈਂਡ

ਬਠਿੰਡਾ, 10 ਜਨਵਰੀ (ਪੋਸਟ ਬਿਊਰੋ)- ਇਸ ਜ਼ਿਲੇ ਦੇ ਪਿੰਡ ਗੋਬਿੰਦਪੁਰਾ ਵਾਲੀ ਕੇਂਦਰੀ ਜੇਲ੍ਹ ਵਿੱਚ ਨਸ਼ਾ ਤਸਕਰੀ ਤੇ ਚੋਰੀ ਦੇ ਦੋਸ਼ਾਂ ਵਿੱਚ ਬੰਦ ਦੋ ਹਵਾਲਾਤੀਆਂ ਨੇ ਕੱਲ੍ਹ ਜੇਲ੍ਹ ਦੀ ਕੰਧ ਟੱਪ ਕੇ ਭੱਜਣ ਦਾ ਯਤਨ ਕੀਤਾ, ਪਰ ਇਕ ਹਵਾਲਾਤੀ ਬੂਟਾ ਸਿੰਘ ਨੇ ਜਦੋਂ ਕੰਧ 'ਤੇ ਚੜ੍ਹ ਕੇ ਥੱਲੇ ਛਾਲ ਮਾਰੀ ਤਾਂ ਉਸ ਦਾ ਪੈਰ ਟੁੱਟ ਗਿਆ। ਇਸ ਦੇ ਬਾਅਦ ਦੂਸਰਾ ਹਵਾਲਾਤੀ ਜਗਸੀਰ ਸਿੰਘ ਵਾਪਸ ਚਲਾ ਗਿਆ ਅਤੇ ਰੌਲਾ ਪਾ ਦਿੱਤਾ। ਇਸ ਦਾ ਪਤਾ ਲੱਗਦੇ ਸਾਰ ਜੇਲ੍ਹ ਅਧਿਕਾਰੀਆਂ ਵਿੱਚ ਹੰਗਾਮਾ ਮਚ ਗਿਆ। ਭੱਜਣ ਦਾ ਯਤਨ ਕਰਨ ਵਾਲੇ ਹਵਾਲਾਤੀ ਬੂਟਾ ਸਿੰਘ ਨੂੰ ਗੰਭੀਰ ਹਾਲਤ ਵਿੱਚ ਸਿਵਲ ਹਸਪਤਾਲ ਦਾਖਲ ਕਰਾਇਆ ਗਿਆ। ਜੇਲ੍ਹ ਕਮਿਸ਼ਨਰ ਸੁਖਵਿੰਦਰ ਸਿੰਘ ਸਹੋਤਾ ਨੇ ਇਸ ਕੇਸ ਵਿੱਚ ਜੇਲ੍ਹ ਦੇ ਵਾਰਡਰ ਸੁਰਜੀਤ ਸਿੰਘ ਸਮੇਤ ਦੋ ਨੂੰ ਸਸਪੈਂਡ ਕਰਕੇ ਵਿਭਾਗੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਹਵਾਲਾਤੀ ਬੂਟਾ ਸਿੰਘ ਨਸ਼ਾ ਤਸਕਰੀ ਦੇ ਦੋਸ਼ ਵਿੱਚ ਅਤੇ ਜਗਸੀਰ ਸਿੰਘ ਚੋਰੀ ਦੇ ਦੋਸ਼ ਵਿੱਚ ਪਿਛਲੇ ਕੁਝ ਮਹੀਨੇ ਤੋਂ ਕੇਂਦਰੀ ਜੇਲ੍ਹ ਵਿੱਚ ਸਨ। ਕੱਲ੍ਹ ਦੋਵਾਂ ਨੇ ਜੇਲ੍ਹ ਦੇ ਸੁਰੱਖਿਆ ਕਰਮਚਾਰੀਆਂ ਨੂੰ ਚਕਮਾ ਦਿੱਤਾ ਅਤੇ ਕਿਸੇ ਤਰ੍ਹਾਂ ਜੇਲ੍ਹ ਦੀ ਉਚੀ ਕੰਧ 'ਤੇ ਚੜ੍ਹ ਗਏ। ਫਿਰ ਜਦੋਂ ਬੂਟਾ ਸਿੰਘ ਨੇ ਥੱਲੇ ਛਾਲ ਮਾਰੀ ਤਾਂ ਉਸ ਦਾ ਪੈਰ ਟੁੱਟ ਗਿਆ। ਆਪਣੇ ਸਾਥੀ ਦੀ ਹਾਲਤ ਦੇਖਦੇ ਹੋਏ ਜਗਸੀਰ ਸਿੰਘ ਵਾਪਸ ਜੇਲ੍ਹ ਵਿੱਚ ਚਲਾ ਗਿਆ ਤੇ ਘਟਨਾ ਦੇ ਸੰਬੰਧ ਵਿੱਚ ਰੌਲਾ ਪਾ ਦਿੱਤਾ।

We Provide services:
• Corporation Registration
• Corporation Tax Returns
• Personal Tax Retruns
• Accounting • Book - Keeping
• H.S.T • WSIB • T4 • E-File
• Assistance in Audit with CRA

CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com



7956 Torbram Rd, Unit #209, Brampton, ON L6T 5A2 Fax: 905-291-0741

A/Z Drivers Needed/ਡਰਾਈਵਰਾਂ ਦੀ ਲੋੜ

➡ Team Drivers Needed Immediately
➡ Dedicated AutoPart Runs To Texas, Missouri, Kansas
➡ Permanent Schedule for whole year
➡ Always Go to same Shippers No Waiting at All
➡ Highest Pay Rate Package Plus HST
➡ New Model Volvo Trucks
➡ Paid Every Week On Friday
➡ 20,000 to 24,00 Miles in a Month
➡ Always Home At Weekends
➡ Can Work From Brampton, Woodstock or London



- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job
For Further Information Contact: 6476253344

www.AREA REALTOR.com




KAMAL SANDHU
Sales Representative
647.891.0143
905.488.2100 ext. 407



# ਨਾਗਰਿਕਤਾ ਬਿੱਲ ਦੇ ਖਿਲਾਫ ਏ ਜੀ ਪੀ ਦੇ ਤਿੰਨ ਮੰਤਰੀਆਂ ਵੱਲੋਂ ਅਸਤੀਫਾ

ਗੁਹਾਟੀ, 10 ਜਨਵਰੀ (ਪੋਸਟ ਬਿਊਰੋ)- ਨਾਗਰਿਕਤਾ ਸੋਧ ਬਿੱਲ ਦੇ ਵਿਰੋਧ ਵਿੱਚ ਅਸਾਮ ਗਣ ਪ੍ਰੀਸ਼ਦ (ਏ ਜੀ ਪੀ) ਦੇ ਸਰਕਾਰ ਤੋਂ ਵੱਖ ਹੋਣ ਤੋਂ ਦੋ ਦਿਨਾਂ ਬਾਅਦ ਕੱਲ੍ਹ ਪਾਰਟੀ ਦੇ ਤਿੰਨ ਮੰਤਰੀਆਂ ਨੇ ਅਸਾਮ ਮੰਤਰੀ ਮੰਡਲ ਤੋਂ ਵੀ ਅਸਤੀਫਾ ਦੇ ਦਿੱਤਾ। ਇਸ ਦੌਰਾਨ ਅਸਾਮ ਦੀਆਂ ਵੱਖ-ਵੱਖ ਯੂਨੀਵਰਸਿਟੀਜ਼ ਤੇ ਕਾਲਜਾਂ ਦੇ ਵਿਦਿਆਰਥੀਆਂ ਵੱਲੋਂ ਬਿੱਲ ਦੇ ਵਿਰੋਧ ਵਿੱਚ ਕਲਾਸਾਂ ਦਾ ਬਾਈਕਾਟ ਕੀਤਾ ਗਿਆ।



ਖੇਤੀਬਾੜੀ ਮੰਤਰੀ ਅਤੁੱਲ ਬੋਰਾ, ਜਲ ਸਰੋਤ ਮੰਤਰੀ ਕੇਸ਼ਵ ਮਹੰਤਾ ਅਤੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਫਾਨੀ ਭੂਸ਼ਨ ਚੌਧਰੀ ਨੇ ਅਸਤੀਫੇ ਦਿੱਤੇ।

ਖੇਤੀਬਾੜੀ ਮੰਤਰੀ ਅਤੁੱਲ ਬੋਰਾ, ਜਲ ਸਰੋਤ ਮੰਤਰੀ ਕੇਸ਼ਵ ਮਹੰਤਾ ਅਤੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਫਾਨੀ ਭੂਸ਼ਨ ਚੌਧਰੀ ਨੇ ਕੱਲ੍ਹ ਸਕੱਤਰੇਤ ਵਿੱਚ ਮੁੱਖ ਮੰਤਰੀ ਸਰਵਾਨੰਦ ਸੋਨੋਵਾਲ ਨੂੰ ਆਪਣੇ ਅਸਤੀਫੇ ਦੇ ਦਿੱਤੇ। ਬੰਗਲਾ ਦੇਸ਼, ਪਾਕਿਸਤਾਨ ਅਤੇ ਅਫਗਾਨਿਸਤਾਨ ਤੋਂ ਆਏ ਗੈਰ ਮੁਸਲਿਮ ਲੋਕਾਂ ਨੂੰ ਭਾਰਤੀ ਨਾਗਰਿਕਤਾ ਦੇਣ ਲਈ ਕੱਲ੍ਹ ਲੋਕ ਸਭਾ ਵਿੱਚ ਪਾਸ ਕੀਤੇ ਬਿੱਲ ਤੋਂ ਇਕ ਦਿਨ ਪਹਿਲਾਂ ਭਾਜਪਾ ਦੀ ਅਗਵਾਈ ਹੇਠਲੀ ਐਨ ਡੀ ਏ ਦੀ ਸਰਕਾਰ ਵਿੱਚੋਂ ਅਸਾਮ ਗਣ ਪ੍ਰੀਸ਼ (ਏ ਜੀ ਪੀ) ਬਾਹਰ ਹੋ ਗਈ ਸੀ। ਇਸ ਤੋਂ ਪਹਿਲਾਂ ਏ ਜੀ ਪੀ ਦੀ ਕਾਰਜਕਾਰਨੀ ਦੀ ਮੀਟਿੰਗ ਪਾਰਟੀ ਹੈਡਕੁਆਰਟਰ ਵਿੱਚ ਹੋਈ, ਜਿਸ ਤੋਂ ਬਾਅਦ ਬੋਰਾ, ਜੋ ਪਾਰਟੀ ਪ੍ਰਧਾਨ ਵੀ ਹਨ, ਨੇ ਮੀਡੀਆ ਨਾਲ ਗੱਲਬਾਤ ਵਿੱਚ ਕਿਹਾ ਕਿ ਅਸਤੀਫੇ ਦੇਣ ਤੋਂ ਬਾਅਦ ਉਹ ਬਿੱਲ ਸਬੰਧੀ ਪਾਰਟੀ ਦੀ ਅਗਲੀ ਨੀਤੀ ਦਾ ਐਲਾਨ ਕਰਨਗੇ। ਅਸਾਮ ਵਿਚਲੀਆਂ ਦੋ ਸਰਕਾਰੀ ਯੂਨੀਵਰਸਿਟੀਜ਼ ਤੇ ਤਕਰੀਬਨ 15 ਕਾਲਜਾਂ ਦੇ ਵਿਦਿਆਰਥੀਆਂ ਨੇ ਲੋਕ ਸਭਾ ਵਿੱਚ ਪਾਸ ਕੀਤੇ ਨਾਗਰਿਕਤਾ ਸੋਧ ਬਿੱਲ ਦੇ ਖਿਲਾਫ ਕਲਾਸਾਂ ਦਾ ਬਾਈਕਾਟ ਕੀਤਾ। ਡਿਬਰੂਗੜ੍ਹ ਯੂਨੀਵਰਸਿਟੀ ਦੀ ਵਿਦਿਆਰਥੀ ਯੂਨੀਅਨ ਨੇ ਕੈਂਪਸ ਵਿੱਚ ਭਾਜਪਾ ਦੇ ਕਿਸੇ ਵੀ ਮੈਂਬਰ ਦੇ ਦਾਖਲੇ ਉੱਤੇ ਰੋਕ ਲਗਾ ਦਿੱਤੀ। ਤੇਜ਼ਪੁਰ ਯੂਨੀਵਰਸਿਟੀ, ਜੋਤ੍ਰਤ ਮੈਡੀਕਲ ਕਾਲਜ, ਪਬ ਕਾਮਰੂਪ ਕਾਲਜ, ਜੇ ਬੀ ਕਾਲਜ, ਡੀ ਸੀ ਬੀ ਕਾਲਜ ਅਤੇ ਹੋਰ ਕਾਲਜਾਂ ਵਿੱਚ ਵਿਦਿਆਰਥੀਆਂ ਨੇ ਕਲਾਸਾਂ ਛੱਡ ਕੇ ਪ੍ਰਦਰਸ਼ਨ ਕੀਤੇ। ਭਾਜਪਾ ਦੀਆਂ ਨਾਗਰਿਕਤਾ ਸੋਧ ਬਿੱਲ ਲਈ ਰਸਤਾ ਸਾਫ ਕਰਨ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਪਾਰਟੀ ਦੇ ਉਤਰ ਪੂਰਬੀ ਰਾਜਾਂ ਵਿੱਚ ਐਨ ਡੀ ਏ ਵਿੱਚ ਭਾਈਵਾਲ ਪਾਰਟੀਆਂ ਦਾ ਰੋਹ ਹੋਰ ਪ੍ਰਚੰਡ ਹੁੰਦਾ ਜਾ ਰਿਹਾ ਹੈ। ਇਸ ਦੇ ਸੰਬੰਧ ਵਿੱਚ ਮੇਘਾਲਿਆ ਵਿੱਚ ਭਾਜਪਾ ਦੀ ਭਾਈਵਾਲ ਪਾਰਟੀ ਨੈਸ਼ਨਲ ਪੀਪਲਜ਼ ਪਾਰਟੀ ਦਾ ਕਹਿਣਾ ਹੈ ਕਿ ਉਹ ਪਾਰਟੀ ਆਗੂਆਂ ਨਾਲ ਵਿਚਾਰ ਕਰਨ ਤੋਂ ਬਾਅਦ ਭਵਿੱਖ ਨੀਤੀ ਉਲੀਕੇਗੀ। ਨਾਗਾਲੈਂਡ ਵਿੱਚ ਭਾਜਪਾ ਨਾਲ ਸਰਕਾਰ ਚਲਾ ਰਹੀ ਧਿਰ ਨੈਸ਼ਨਲਿਸਟ ਡੈਮੋਕਰੇਟਿਕ ਪ੍ਰੋਗਰੈਸਿਵ ਪਾਰਟੀ ਦਾ ਵੀ ਇਹੀ ਕਹਿਣਾ ਹੈ ਕਿ ਉਹ ਪਾਰਟੀ ਵਿਧਾਇਕਾਂ ਨਾਲ ਇਹ ਮੁੱਦਾ ਵਿਚਾਰੇਗੀ। ਇਸੇ ਦੌਰਾਨ ਕ੍ਰਿਸ਼ਕ ਮੁਕਤੀ ਸੰਗਰਾਮ ਸਮਿਤੀ ਅਤੇ ਇਸ ਦੀਆਂ ਭਾਈਵਾਲ 70 ਸੰਸਥਾਵਾਂ ਨੇ ਕੱਲ੍ਹ ਐਲਾਨ ਕੀਤਾ ਕਿ ਨਾਗਰਿਕਤਾ ਸੋਧ ਬਿੱਲ ਰੱਦ ਹੋਣ ਤੱਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕਿਸੇ ਕੇਂਦਰੀ ਮੰਤਰੀ ਨੂੰ ਅਸਾਮ ਵਿੱਚ ਨਹੀਂ ਵੜਨ ਦੇਣਗੇ। ਇਥੇ ਮੀਡੀਆ ਨਾਲ ਗੱਲਬਾਤ ਦੌਰਾਨ ਸਮਿਤੀ ਦੇ ਆਗੂ ਅਖਿਲ ਗਗੋਈ ਨੇ ਕਿਹਾ ਕਿ ਉਹ ਮੁੱਖ ਮੰਤਰੀ ਸਰਬਨੰਦਾ ਸੋਨੋਵਾਲ ਤੇ ਭਾਜਪਾ ਦੀਆਂ ਸਾਰੀਆਂ ਮੀਟਿੰਗਾਂ ਤੇ ਸਮਾਗਮਾਂ ਵਿੱਚ ਪ੍ਰਦਰਸ਼ਨ ਕਰਨਗੇ।

# ਜੰਮੂ ਕਸ਼ਮੀਰ ਦੇ ਟਾਪਰ ਨੇ ਆਈ ਏ ਐੱਸ ਅਫਸਰ ਦੇ ਅਹੁਦੇ ਤੋਂ ਅਸਤੀਫਾ ਦਿੱਤਾ

ਨਵੀਂ ਦਿੱਲੀ, 10 ਜਨਵਰੀ (ਪੋਸਟ ਬਿਊਰੋ)- ਸਿਵਲ ਸਰਵਿਸਿਜ਼ ਪ੍ਰੀਖਿਆ ਵਿੱਚ 2010 ਵਿੱਚ ਦੇਸ਼ ਵਿੱਚ ਅੱਵਲ ਰਹੇ ਜੰਮੂ-ਕਸ਼ਮੀਰ ਦੇ ਆਈ ਏ ਐੱਸ ਅਧਿਕਾਰੀ ਸ਼ਾਹ ਫੈਸਲ ਨੇ ਕਸ਼ਮੀਰ ਵਿੱਚ ਮੌਤਾਂ ਅਤੇ ਕੇਂਦਰ ਵੱਲੋਂ ਗੰਭੀਰ ਯਤਨ ਨਾ ਕਰਨ ਦਾ ਦੋਸ਼ ਲਾਉਂਦਿਆਂ ਅਸਤੀਫਾ ਦੇ ਦਿੱਤਾ ਹੈ।



35 ਸਾਲਾ ਫੈਸਲ ਨੇ ਫੇਸਬੁਕ ਉਤੇ ਲਿਖਿਆ ਕਿ ਉਸ ਦਾ ਅਸਤੀਫਾ 'ਹਿੰਦੂਵਾਦੀ ਤਾਕਤਾਂ ਦੁਆਰਾ ਕਰੀਬ 20 ਕਰੋੜ ਭਾਰਤੀ ਮੁਸਲਮਾਨਾਂ ਨੂੰ ਹਾਸ਼ੀਏ ਉੱਤੇ ਭੇਜ ਦਿੱਤੇ ਜਾਣ ਕਾਰਨ, ਜੰਮੂ ਕਸ਼ਮੀਰ ਰਾਜ ਦੀ ਵਿਸ਼ੇਸ਼ ਪਛਾਣ ਉੱਤੇ ਧੋਖੇ ਭਰੇ ਹਮਲਿਆਂ ਅਤੇ ਭਾਰਤ ਵਿੱਚ ਕੱਟੜਪੰਥੀ-ਰਾਸ਼ਟਰਵਾਦ ਦੇ ਨਾਂਅ ਉੱਤੇ ਅਸਹਿਣਸ਼ੀਲਤਾ ਅਤੇ ਨਫਰਤ ਦੇ ਵਧਦੇ ਸਭਿਆਚਾਰ ਵਿਰੁੱਧ ਹੈ। ਪਿੱਛੇ ਜਿਹੇ ਵਿਦੇਸ਼ ਤੋਂ ਸਿਖਲਾਈ ਲੈ ਕੇ ਮੁੜੇ ਅਤੇ ਤੈਨਾਤੀ ਦੀ ਉਡੀਕ ਕਰਦੇ ਫੈਸਲ ਨੇ ਕਿਹਾ ਕਿ ਉਸ ਨੂੰ ਕਸ਼ਮੀਰ ਵਿੱਚ ਲਗਾਤਾਰ ਕਤਲਾਂ ਦੇ ਕੇਸਾਂ ਅਤੇ ਇਨ੍ਹਾਂ ਨੂੰ ਰੋਕਣ ਲਈ ਕੇਂਦਰ ਵੱਲੋਂ ਗੰਭੀਰ ਯਤਨ ਨਾ ਕੀਤੇ ਜਾਣ ਦਾ ਦੁੱਖ ਹੈ ਜਿਸ ਕਾਰਨ ਉਸ ਨੇ ਸਿਵਲ ਸਰਵਿਸਿਜ਼ ਤੋਂ ਅਸਤੀਫਾ ਦੇਣ ਦਾ ਫੈਸਲਾ ਕੀਤਾ ਹੈ।

ਜਾਣਕਾਰ ਸੂਤਰਾਂ ਮੁਤਾਬਕ ਉਹ ਨੈਸ਼ਨਲ ਕਾਨਫਰੰਸ ਪਾਰਟੀ ਵਿੱਚ ਸ਼ਾਮਲ ਹੋ ਸਕਦੇ ਹਨ ਅਤੇ 2019 ਦੀ ਲੋਕ ਸਭਾ ਚੋਣ ਲੜਨਗੇ। ਫੈਸਲ ਨੇ ਕੇਂਦਰ ਵਿੱਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਦਾ ਨਾਂਅ ਨਹੀਂ ਲਿਆ, ਪਰ ਅਸਿੱਧਾ ਹਮਲਾ ਕਰਦਿਆਂ ਦੋਸ਼ ਲਾਇਆ ਕਿ ਆਰ ਬੀ ਆਈ, ਸੀ ਬੀ ਆਈ ਅਤੇ ਐੱਨ ਆਈ ਏ ਜਿਹੀਆਂ ਸਰਕਾਰੀ ਸੰਸਥਾਵਾਂ ਦਾ ਨੁਕਸਾਨ ਕੀਤਾ ਜਾ ਰਿਹਾ ਹੈ, ਜਿਸ ਕਾਰਨ ਦੇਸ਼ ਦੀ ਸੰਵਿਧਾਨਕ ਇਮਾਰਤ ਢਹਿ ਸਕਦੀ ਹੈ ਅਤੇ ਇਸ ਨੂੰ ਰੋਕਣਾ ਪਵੇਗਾ। ਉਸ ਨੇ ਕਿਹਾ ਕਿ ਮੈਂ ਦੁਹਰਾਉਣਾ ਚਾਹੁੰਦਾ ਹਾਂ ਕਿ ਇਸ ਦੇਸ਼ ਵਿੱਚ ਆਵਾਜ਼ਾਂ ਨੂੰ ਲੰਮੇ ਸਮੇਂ ਤੱਕ ਦਬਾਇਆ ਨਹੀਂ ਜਾ ਸਕਦਾ ਅਤੇ ਜੇ ਅਸੀਂ ਸੱਚੇ ਲੋਕਤੰਤਰ ਵਿੱਚ ਰਹਿਣਾ ਚਾਹੁੰਦੇ ਹਾਂ ਤਾਂ ਸਾਨੂੰ ਇਹ ਸਭ ਰੋਕਣਾ ਪਵੇਗਾ।

# ਬਿਲਡਰ ਨੇ ਫਲੈਟ ਬਹਾਨੇ ਦੋ ਜਣਿਆਂ ਤੋਂ 1.76 ਕਰੋੜ ਠੱਗੇ

ਪਾਣੀਪਤ, 10 ਜਨਵਰੀ (ਪੋਸਟ ਬਿਊਰੋ)- ਅੰਸਲ ਦੇ ਨੇੜੇ ਫਲੈਟ ਬਣਾ ਰਹੀ ਕੰਪਨੀ ਨੇ ਦੋ ਵਿਅਕਤੀਆਂ ਨਾਲ 1.76 ਕਰੋੜ ਰੁਪਏ ਦੀ ਠੱਗੀ ਕੀਤੀ ਹੈ। ਦੋਵਾਂ ਨੇ 18 ਫਲੈਟ ਬੁਕ ਕਰਵਾ ਕੇ ਇਹ ਰਕਮ ਅਦਾ ਕੀਤੀ, ਪਰ ਨੌਂ ਸਾਲ ਪਿੱਛੋਂ ਵੀ ਫਲੈਟ ਦਾ ਕਬਜ਼ਾ ਨਹੀਂ ਮਿਲ ਸਕਿਆ। ਕੰਪਨੀ ਨੇ 2010 ਵਿੱਚ ਆਧਾਰ ਸ਼ਿਲਾ ਪ੍ਰੋਜੈਕਟ ਦੇ ਤਹਿਤ ਫਲੈਟ ਵੇਚੇ ਸਨ। ਫਿਰ ਪ੍ਰੋਜੈਕਟ ਨੂੰ ਬੰਦ ਕਰ ਲਿਆ ਤੇ 2013 ਵਿੱਚ ਸਪਲੈਂਡਰ ਗ੍ਰੇਂਡ ਦੇ ਨਾਂਅ ਤੋਂ ਫਲੈਟ ਬੁਕ ਕਰ ਕੇ ਲੋਕਾਂ ਤੋਂ ਰਾਸ਼ੀ ਲੈ ਲਈ। ਦੋਵਾਂ ਪੀੜਤਾਂ ਨੇ ਰੁਪਏ ਦੀ ਮੰਗ ਕੀਤੀ ਤਾਂ ਉਨ੍ਹਾਂ ਨੂੰ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ ਗਈ। ਇਸ ਦੇ ਬਾਅਦ ਦੋਵਾਂ ਨੇ ਸਿਟੀ ਥਾਣੇ ਵਿੱਚ ਜਾਅਲਸਾਜ਼ੀ ਦੇ ਕੇਸ ਦਰਜ ਕਰਾਏ ਹਨ।

ਮਛਰੌਲੀ ਪਿੰਡ ਦੇ ਵਿਕਰਮ ਸਿੰਘ ਦਿੱਲੀ ਦੀ ਇੱਕ ਕੰਪਨੀ ਵਿੱਚ ਅਕਾਊਂਟੈਂਟ ਹਨ। ਉਨ੍ਹਾਂ ਨੇ ਸ਼ਿਕਾਇਤ ਕੀਤੀ ਸੀ ਕਿ 2013 ਵਿੱਚ ਸਪਲੈਂਡਰ ਲੈਂਡਬੇਸ ਲਿਮਟਿਡ, ਨਵੀਂ ਦਿੱਲੀ ਤੋਂ 15 ਰਿਹਾਇਸ਼ੀ ਫਲੈਟ ਬੁਕ ਕਰਵਾਏ ਸਨ। 12 ਫਰਵਰੀ 2013 ਤੋਂ 15 ਜੁਲਾਈ 2015 ਤੱਕ ਪੀੜਤ ਨੇ ਇੱਕ ਕਰੋੜ ਸੱਤਰ ਲੱਖ ਰੁਪਏ ਦੀ ਪੇਮੈਂਟ ਕੀਤੀ। ਵਿਕਰਮ ਨੂੰ ਪਤਾ ਲੱਗਾ ਕਿ ਇਹ ਪਲੈਟ ਸਪਲੈਂਡਰ ਆਧਾਰ ਸ਼ਿਲਾ ਦੇ ਨਾਂਅ 'ਤੇ 2010 ਵਿੱਚ ਹੀ ਕਈ ਲੋਕਾਂ ਨੂੰ ਅਲਾਟਮੈਂਟ ਕਰ ਕੇ ਬੁਕ ਕੀਤੇ ਹੋਏ ਹਨ। ਸਪਲੈਂਡਰ ਲੈਂਡਬੇਸ ਲਿਮਟਿਡ ਨੇ ਧੋਖਾਧੜੀ ਕੀਤੀ ਹੈ।

# ਮਨਜੀਤ ਸਿੰਘ ਜੀ ਕੇ ਵਿਰੁੱਧ ਕੋਰਟ ਵੱਲੋਂ ਕੇਸ ਦਰਜ ਕਰਨ ਲਈ ਹੁਕਮ ਜਾਰੀ

ਨਵੀਂ ਦਿੱਲੀ, 10 ਜਨਵਰੀ (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਹੇ ਮਨਜੀਤ ਸਿੰਘ ਜੀ ਕੇ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਭ੍ਰਿਸ਼ਟਾਚਾਰ ਦੇ ਦੋਸ਼ ਵਿੱਚ ਪੁਲਸ ਉਨ੍ਹਾਂ ਉੱਤੇ ਕੇਸ ਦਰਜ ਕਰੇਗੀ। ਨਾਲ ਹੀ ਇਸ ਦੀ ਸੂਚਨਾ ਮੈਟਰੋਪਾਲੀਟਨ ਮੈਜਿਸਟਰੇਟ ਨੂੰ ਦਿੱਤੀ ਜਾਏਗੀ।

ਕੱਲ੍ਹ ਕੋਰਟ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਜਨਰਲ ਮੈਨੇਜਰ ਸੂਬੇਦਾਰ ਹਰਜੀਤ ਸਿੰਘ ਅਤੇ ਮਨਜੀਤ ਸਿੰਘ ਜੀ ਕੇ ਦੀ ਪਟੀਸ਼ਨ ਰੱਦ ਕਰ ਦਿੱਤੀ। ਇਹ ਪਟੀਸ਼ਨ ਕੇਸ ਦਰਜ ਕਰਨ ਬਾਰੇ ਦਾਇਰ ਕੀਤੀ ਗਈ ਸੀ। ਵਰਨਣ ਯੋਗ ਹੈ ਕਿ 13 ਦਸੰਬਰ ਨੂੰ ਮੈਟਰੋਪਾਲੀਟਨ ਮੈਜਿਸਟਰੇਟ ਨੇ ਪੁਲਸ ਨੂੰ ਮਨਜੀਤ ਸਿੰਘ ਜੀ ਕੇ ਉੱਤੇ 24 ਘੰਟੇ ਦੇ ਅੰਦਰ ਕੇਸ ਦਰਜ ਕਰਨ ਦੇ ਹੁਕਮ ਦਿੱਤੇ ਸਨ, ਪਰ ਇਸ ਤੋਂ ਪਹਿਲਾਂ ਹਰਜੀਤ ਸਿੰਘ ਅਤੇ ਮਨਜੀਤ ਸਿੰਘ ਜੀ ਕੇ ਨੇ ਕੋਰਟ ਵਿੱਚ ਪਟੀਸ਼ਨ ਦਾਇਰ ਕਰ ਕੇ ਹੁਕਮ ਨੂੰ ਚੁਣੌਤੀ ਦਿੱਤੀ ਸੀ। ਕੋਰਟ ਨੇ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਕੇਸ ਦਰਜ ਕਰਨ ਉੱਤੇ ਰੋਕ ਲਗਾ ਦਿੱਤੀ ਸੀ। ਇਸ ਮਾਮਲੇ ਵਿੱਚ ਦੋਸ਼ ਲਾਇਆ ਗਿਆ ਹੈ ਕਿ ਮਨਜੀਤ ਸਿੰਘ ਜੀ ਕੇ ਵੱਲੋਂ ਕਿਤਾਬ ਛਾਪਣ ਦੇ ਨਾਂਅ 'ਤੇ ਫਰਜ਼ੀ ਬਿੱਲਾਂ ਦਾ ਭੁਗਤਾਨ ਕੀਤਾ ਗਿਆ ਹੈ। ਉਨ੍ਹਾਂ ਉੱਤੇ ਘਿਓ ਖਰੀਦਣ ਵਿੱਚ ਵੀ ਘੋਟਾਲੇ ਦਾ ਦੋਸ਼ ਹੈ। ਦੱਸਿਆ ਗਿਆ ਹੈ ਕਿ ਜਨਵਰੀ 2018 ਵਿੱਚ ਇੱਕ ਸ਼ਰਧਾਲੂ ਨੇ ਗੁਰਦੁਆਰਾ ਕਮੇਟੀ ਦੇ ਮੁਲਾਜ਼ਮਾਂ ਦੀ ਵਰਦੀ 24 ਲੱਖ ਰੁਪਏ ਲਈ ਦਿੱਤੇ ਸਨ, ਪਰੰਤੂ ਅਜੇ ਤੱਕ ਵਰਦੀ ਵੀ ਨਹੀਂ ਦਿੱਤੀ ਗਈ।

# ਜਗਨਨਾਥ ਮੰਦਰ ਕੇਸ ਵਿੱਚ ਰਣਜੀਤ ਕੁਮਾਰ ਨੂੰ ਐਮਿਕਸ ਕਿਊਰੀ ਬਣਾਇਆ

ਨਵੀਂ ਦਿੱਲੀ, 10 ਜਨਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਸੀਨੀਅਰ ਵਕੀਲ ਤੇ ਸਾਬਕਾ ਸਾਲਿ-ਸਟਰ ਜਨਰਲ ਰਣਜੀਤ ਕੁਮਾਰ ਨੂੰ ਪੁਰੀ ਵਿੱਚ ਜਗਨਨਾਥ ਮੰਦਰ ਦੇ ਪ੍ਰਸ਼ਾਸਨ ਨਾਲ ਜੁੜੇ ਕੇਸ ਵਿੱਚ ਮਦਦ ਲਈ ਐਮਿਕਸ ਕਿਊਰੀ ਨਿਯੁਕਤ ਕੀਤਾ ਹੈ। ਅਦਾਲਤ ਨੇ ਪਿਛਲੇ ਸਾਲ ਇਸ ਕੇਸ 'ਚ ਐਮਿਕਸ ਕਿਊਰੀ ਦੀ ਜਵਾਬਦੇਹੀ ਤੋਂ ਮੁਕਤ ਕਰਵਾਉਣ ਲਈ ਸੀਨੀਅਰ ਵਕੀਲ ਗੋਪਾਲ ਸੁਬਰਾਮਣੀਅਮ ਦੀ ਅਪੀਲ ਮਨਜ਼ੂਰ ਕਰ ਲਈ ਸੀ।

ਕੱਲ੍ਹ ਸੁਣਵਾਈ ਦੌਰਾਨ ਜਸਟਿਸ ਏ ਕੇ ਸੀਕਰੀ ਦੀ ਪ੍ਰਧਾਨਗੀ ਵਾਲੇ ਬੈਂਚ ਨੇ ਰਣਜੀਤ ਕੁਮਾਰ ਨੂੰ ਬੇਨਤੀ ਕੀਤੀ। ਉਸ ਸਮੇਂ ਅਦਾਲਤ ਵਿੱਚ ਮੌਜੂਦ ਰਣਜੀਤ ਕੁਮਾਰ ਤੋਂ ਬੈਂਚ ਨੇ ਪੁੱਛਿਆ ਕਿ ਕੀ ਉਹ ਇਸ ਕੇਸ ਵਿੱਚ ਐਮਿਕਸ ਕਿਊਰੀ ਬਣ ਕੇ ਮਦਦ ਕਰ ਸਕਦੇ ਹਨ। ਉਨ੍ਹਾਂ ਨੇ ਇਸ ਬੇਨਤੀ ਨੂੰ ਮੰਨ ਲਿਆ। ਉਸ ਤੋਂ ਬਾਅਦ ਬੈਂਚ ਨੇ ਮਾਮਲੇ ਦੀ ਸੁਣਵਾਈ ਪੰਜ ਫਰਵਰੀ ਤੈਅ ਕਰ ਦਿੱਤੀ। ਅਦਾਲਤ ਤੋਂ ਮਾਮਲੇ 'ਚ ਦਖਲ ਦੀ ਮੰਗ ਦੀ ਅਰਜ਼ੀ ਦੇਣ ਵਾਲੇ ਵਕੀਲ ਨੇ ਬੈਂਚ ਨੂੰ ਕਿਹਾ ਕਿ ਜਗਨਨਾਥ ਮੰਦਰ ਬਾਰੇ ਜਾਣਕਾਰੀ ਰੱਖਣ ਵਾਲੇ ਨੂੰ ਹੀ ਐਮਿਕਸ ਦੇ ਰੂਪ 'ਚ ਨਿਯੁਕਤ ਕੀਤਾ ਜਾਵੇ।

# ਰਾਬਰਟ ਵਾਡਰਾ ਦੇ ਸਹਿਯੋਗੀ ਦੀ ਅਗੇਤੀ ਜ਼ਮਾਨਤ ਅਰਜ਼ੀ ਉੱਤੇ ਅਦਾਲਤ ਨੇ ਈ ਡੀ ਤੋਂ ਜਵਾਬ ਮੰਗਿਆ

ਨਵੀਂ ਦਿੱਲੀ, 10 ਜਨਵਰੀ (ਪੋਸਟ ਬਿਊਰੋ)- ਦਿੱਲੀ ਦੀ ਇਕ ਅਦਾਲਤ ਨੇ ਸੋਨੀਆ ਗਾਂਧੀ ਦੇ ਦਾਮਾਦ ਰਾਬਰਟ ਵਾਡਰਾ ਦੇ ਸਹਿਯੋਗੀ ਮਨੋਜ ਅਰੋੜਾ ਦੀ ਅਗੇਤੀ ਜ਼ਮਾਨਤ ਅਰਜ਼ੀ ਉੱਤੇ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਤੋਂ ਜਵਾਬ ਮੰਗਿਆ। ਇਸ ਵਿੱਚ ਉਨ੍ਹਾਂ ਨੇ ਦੋਸ਼ ਲਾਇਆ ਹੈ ਕਿ ਈ ਡੀ ਮਨੀ ਲਾਂਡਰਿੰਗ ਦੇ ਕੇਸ ਵਿੱਚ ਉਨ੍ਹਾਂ ਦੇ ਨਿਯੁਕਤੀ ਕਰਤਾ ਰਾਬਰਟ ਵਾਡਰਾ ਨੂੰ ਗਲਤ ਢੰਗ ਨਾਲ ਫਸਾਉਣ ਲਈ ਉਨ੍ਹਾਂ ਉੱਤੇ ਦਬਾਅ ਬਣਾ ਰਹੀ ਹੈ।



ਮਿਲੀ ਜਾਣਕਾਰੀ ਅਨੁਸਾਰ ਇਹ ਮਾਮਲਾ ਲੰਡਨ ਵਿੱਚ 12, ਬ੍ਰਾਯੰਸਟਨ ਸੁਕੇਅਰ ਵਾਲੀ ਜਾਇਦਾਦ ਦੀ 19 ਲੱਖ ਪੌਂਡ ਵਿੱਚ ਖਰੀਦ ਵਿੱਚ ਮਨੀ ਲਾਂਡਰਿੰਗ ਦੇ ਦੋਸ਼ਾਂ ਨਾਲ ਜੁੜਿਆ ਹੈ। ਇਹ ਜਾਇਦਾਦ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੇ ਭਣਵਈਏ ਰਾਬਰਟ ਵਾਡਰਾ ਦੀ ਮਾਲਕੀ ਵਾਲੀ ਸੀ। ਸਪੈਸ਼ਲ ਜੱਜ ਅਰਵਿੰਦ ਕੁਮਾਰ ਨੇ ਈ ਡੀ ਦੇ ਵਿਸ਼ੇਸ਼ ਸਰਕਾਰੀ ਵਕੀਲ ਡੀ ਪੀ ਸਿੰਘ ਨੂੰ 11 ਜਨਵਰੀ ਤੱਕ ਜਵਾਬ ਦੇਣ ਦਾ ਹੁਕਮ ਦਿੱਤਾ ਹੈ। ਓਦੋਂ ਅਦਾਲਤ ਏਜੰਸੀ ਦੀ ਅਰਜ਼ੀ 'ਤੇ ਵੀ ਸੁਣਵਾਈ ਕਰੇਗੀ, ਜਿਸ ਵਿੱਚ ਅਰੋੜਾ ਖਿਲਾਫ ਬੇਮਿਆਦੀ ਗੈਰ ਜ਼ਮਾਨਤੀ ਵਾਰੰਟ ਜਾਰੀ ਕਰਨ ਦੀ ਮੰਗ ਕੀਤੀ ਗਈ ਹੈ। ਈ ਡੀ ਨੇ ਵਕੀਲ ਏ ਆਰ ਆਦਿੱਤਯ ਦੇ ਰਾਹੀਂ ਅਦਾਲਤ ਨੂੰ ਦੱਸਿਆ ਕਿ ਉਨ੍ਹਾਂ ਨੇ ਅਰੋੜਾ ਖਿਲਾਫ ਮਨੀ ਲਾਂਡਰਿੰਗ ਦਾ ਇਕ ਕੇਸ ਦਰਜ ਕਰਾਇਆ ਹੈ। ਇਨਕਮ ਟੈਕਸ ਵਿਭਾਗ ਵੱਲੋਂ ਭਗੌੜੇ ਹਥਿਆਰ ਵਿਕਰੇਤਾ ਸੰਜੇ ਭੰਡਾਰੀ ਦੇ ਖਿਲਾਫ ਨਵੇਂ ਕਾਲਾ ਧਨ ਕਾਨੂੰਨ ਤਹਿਤ ਇਕ ਹੋਰ ਮਾਮਲੇ ਵਿੱਚ ਜਾਂਚ ਦੌਰਾਨ ਉਨ੍ਹਾਂ ਦੀ ਭੂਮਿਕਾ ਸਾਹਮਣੇ ਆਈ।

# ਖਰਾਬ ਪ੍ਰਦਰਸ਼ਨ ਪਿੱਛੋਂ ਹਾਕੀ ਟੀਮ ਦਾ ਹੈੱਡ ਕੋਚ ਹਰਿੰਦਰ ਹਟਾ ਦਿੱਤਾ ਗਿਆ

ਨਵੀਂ ਦਿੱਲੀ, 10 ਜਨਵਰੀ (ਪੋਸਟ ਬਿਊਰੋ)- ਭਾਰਤੀ ਹਾਕੀ ਟੀਮ ਦੇ ਮੁੱਖ ਕੋਚ ਹਰਿੰਦਰ ਸਿੰਘ ਨੂੰ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ। ਇਸੇ ਦੇਸ਼ ਵਿੱਚ ਹੋਏ ਹਾਕੀ ਵਰਲਡ ਕੱਪ ਅਤੇ ਏਸ਼ੀਆਡ ਵਿੱਚ ਟੀਮ ਦੇ ਨਿਰਾਸ਼ਾਜਨਕ ਪ੍ਰਦਰਸ਼ਨ ਦੇ ਬਾਅਦ ਹਾਕੀ ਇੰਡੀਆ ਨੇ ਇਹ ਫੈਸਲਾ ਲਿਆ ਹੈ। ਟੀਮ ਵਰਲਡ ਕੱਪ ਵਿੱਚ ਛੇਵੇਂ ਨੰਬਰ 'ਤੇ ਰਹੀ ਸੀ। ਹਰਿੰਦਰ ਸਿੰਘ ਨੂੰ ਜੂਨੀਅਰ ਟੀਮ ਨਾਲ ਜੁੜਨ ਦੇ ਲਈ ਕਿਹਾ ਗਿਆ ਹੈ। ਵਰਨਣ ਯੋਗ ਹੈ ਕਿ ਪਿਛਲੇ ਸਾਲ ਹੋਈਆਂ ਕਾਮਨਵੈਲਥ ਖੇਡਾਂ ਵਿੱਚ ਮੈਡਲ ਨਾ ਮਿਲਣ ਪਿੱਛੋਂ ਹਰਿੰਦਰ ਨੂੰ ਮਈ ਵਿੱਚ ਟੀਮ ਦਾ ਕੋਚ ਬਣਾਇਆ ਗਿਆ ਸੀ। ਇਸ ਦੇ ਬਾਅਦ ਏਸ਼ੀਆ ਕੱਪ ਵਿੱਚ ਭਾਰਤ ਨੂੰ ਤਾਂਬੇ ਦੇ ਮੈਡਲ ਨਾਲ ਸੰਤੋਸ਼ ਕਰਨਾ ਪਿਆ ਸੀ। ਹਾਕੀ ਇੰਡੀਆ ਨੇ ਇਸ ਬਾਰੇ ਬਿਆਨ ਜਾਰੀ ਕੀਤਾ ਕਿ 2018 ਭਾਰਤੀ ਟੀਮ ਲਈ ਬੇਹੱਦ ਨਿਰਾਸ਼ਾ ਜਨਕ ਸਾਲ ਰਿਹਾ ਹੈ। ਸਾਰੇ ਵੱਡੇ ਟੂਰਨਾਮੈਂਟ ਦੇ ਨਤੀਜੇ ਸਾਡੀ ਉਮੀਦ ਦੇ ਮੁਤਾਬਕ ਨਹੀਂ ਰਹੇ।

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Road – See Kamal 905-458-4733
80 West Drive – See Ravinder 905-450-7200
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed
Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4

FIRST CHOICE FINANCIAL LIMITED
TRUCK LOANS
ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

Insurance
Punjab Insurance Inc
- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA
Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR
IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)
OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)
Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

# ਬ੍ਰਿਟਿਸ਼ ਪਾਰਲੀਮੈਂਟ ਵਿੱਚ ਬ੍ਰੈਗਜ਼ਿਟ ਮੁੱਦੇ ਉੱਤੇ ਟੈਰੇਸਾ ਮੇਅ ਦਾ ਖਰੜਾ ਰੱਦ

ਲੰਡਨ, 10 ਜਨਵਰੀ (ਪੋਸਟ ਬਿਊਰੋ)- ਬ੍ਰਿਟੇਨ ਦੀ ਸਰਕਾਰ ਦੀ ਬ੍ਰੈਗਜ਼ਿਟ ਪਲਾਨ 'ਤੇ ਪਾਰਲੀਮੈਂਟ ਦੀ ਮੋਹਰ ਲਵਾਉਣ ਦੀ ਕੋਸ਼ਿਸ਼ ਵਿੱਚ ਪ੍ਰਧਾਨ ਮੰਤਰੀ ਟੈਰੇਸਾ ਮੇਅ ਨੂੰ ਸ਼ੁਰੂਆਤੀ ਦੌਰ ਵਿੱਚ ਝਟਕਾ ਲੱਗਾ ਹੈ।




ਕੱਲ੍ਹ ਬ੍ਰਿਟਿਸ਼ ਪਾਰਲੀਮੈਂਟ ਨੇ ਟੈਰੇਸਾ ਮੇਅ ਤੋਂ ਬਦਲਵੀਂ ਕਾਰਜ ਯੋਜਨਾ ਦੀ ਮੰਗ ਕੀਤੀ। ਟੈਰੇਸਾ ਨੇ ਬ੍ਰੈਗਜ਼ਿਟ 'ਤੇ ਆਪਣੇ ਖਰੜੇ 'ਤੇ ਵੋਟਿੰਗ ਲਈ 15 ਜਨਵਰੀ ਐਲਾਨ ਕੀਤੀ ਹੈ। ਬ੍ਰੈਗਜ਼ਿਟ ਬ੍ਰਿਟੇਨ ਦੇ ਯੂਰਪੀ ਯੂਨੀਅਨ (ਈ ਯੂ) ਤੋਂ ਬਾਹਰ ਨਿਕਲਣ ਦੀ ਪ੍ਰਕਿਰਿਆ ਹੈ, ਜਿਹੜੀ 29 ਮਾਰਚ ਨੂੰ ਪੂਰੀ ਹੋਣੀ ਹੈ। ਪਾਰਲੀਮੈਂਟ ਵਿੱਚ ਸ਼ੁਰੂ ਹੋਈ ਪੰਜ ਦਿਨ ਦੀ ਬਹਿਸ ਵੇਲੇ ਟੈਰੇਸਾ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਕੱਲ੍ਹ ਪਾਰਲੀਮੈਂਟ ਵਿੱਚ 298 ਸਮਰਥਕਾਂ ਦੇ ਜਵਾਬ ਵਿੱਚ 308 ਪਾਰਲੀਮੈਂਟ ਮੈਂਬਰਾਂ ਦੇ ਸਮਰਥਨ ਵਾਲੀ ਮੰਗ ਪਾਸ ਹੋਈ, ਜਿਸ ਵਿੱਚ ਟੈਰੇਸਾ ਸਰਕਾਰ ਨੂੰ ਬ੍ਰੈਗਜ਼ਿਟ ਦੇ ਬਾਅਦ ਦੀ ਬਦਲਵੀਂ ਕਾਰਜ ਯੋਜਨਾ ਪੇਸ਼ ਕਰਨ ਲਈ ਕਿਹਾ ਗਿਆ। ਸਰਕਾਰ ਨੂੰ ਇਹ ਖਰੜਾ ਤਿੰਨ ਦਿਨ ਦੇ ਅੰਦਰ ਪੇਸ਼ ਕਰਨ ਦੇ ਲਈ ਕਿਹਾ ਗਿਆ ਹੈ। ਟੈਰੇਸਾ ਨੇ ਆਪਣੇ ਖਰੜੇ ਵਿੱਚ ਕੋਈ ਫੇਰਬਦਲ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਖਰੜੇ ਦੇ ਅਨੁਸਾਰ ਈ ਯੂ ਤੋਂ ਬਾਹਰ ਆਉਣ ਪਿੱਛੋਂ ਵੀ ਬ੍ਰਿਟੇਨ ਉਸ ਨਾਲ ਮਜ਼ਬੂਤ ਵਪਾਰਕ ਸੰਬੰਧ ਬਣਾਈ ਰੱਖੇਗਾ। ਬ੍ਰਿਟੇਨ ਦੇ ਬਾਹਰ ਆਉਣ ਦੇ ਬਾਅਦ ਈ ਯੂ ਵਿੱਚ 27 ਦੇਸ਼ ਬਚਣਗੇ।

ਟੈਰੇਸਾ ਮੇਅ ਦੇ ਇਸ ਰੁਖ਼ ਕਾਰਨ ਸਰਕਾਰ ਅਤੇ ਬ੍ਰੈਗਜ਼ਿਟ ਦੇ ਭਵਿੱਖ ਬਾਰੇ ਸਵਾਲ ਉਠਣ ਲੱਗੇ ਹਨ। ਇਸ ਸਭ ਤੋਂ ਵੱਡੇ ਵਿਦੇਸ਼ ਅਤੇ ਕਾਰੋਬਾਰ ਨੀਤੀ ਦੇ ਬਦਲਾਅ 'ਤੇ ਦੂਸਰੀ ਵਾਰ ਰਿਫਰੈਂਡਮ ਦੀ ਸੰਭਾਵਨਾ ਸਿਰ ਚੁੱਕਣ ਲੱਗੀ ਹੈ। ਸੱਤਾਧਾਰੀ ਕੰਜ਼ਰਵੇਟਿਵ ਪਾਰਟੀ ਨੇ ਸਪੀਕਰ 'ਤੇ ਭੇਦਭਾਵ ਦਾ ਦੋਸ਼ ਲਾਇਆ ਹੈ। ਆਪੋਜ਼ੀਸ਼ਨ ਲੇਬਰ ਪਾਰਟੀ ਨੇ ਕਿਹਾ ਕਿ 15 ਨੂੰ ਬ੍ਰੈਗਜ਼ਿਟ ਨਾਲ ਸੰਬੰਧਤ ਚੋਣ ਨਹੀਂ ਹੋਈ ਤਾਂ ਉਹ ਸਰਕਾਰ ਦੇ ਖਿਲਾਫ ਬੇਭਰੋਸਗੀ ਮਤਾ ਲਿਆ ਸਕਦੀ ਹੈ।

# ਡੋਨਾਲਡ ਟਰੰਪ ਨੇ ਭਾਰਤੀ ਮੂਲ ਦੇ ਪੁਲਸ ਅਫਸਰ ਰੋਨਿਲ ਸਿੰਘ ਨੂੰ ਅਮਰੀਕੀ ਨਾਇਕ ਕਿਹਾ

ਵਾਸ਼ਿੰਗਟਨ, 10 ਜਨਵਰੀ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ 26 ਦਸੰਬਰ 2018 ਨੂੰ ਡਿਊਟੀ ਦੌਰਾਨ ਮਾਰੇ ਗਏ ਭਾਰਤੀ ਮੂਲ ਦੇ ਅਮਰੀਕੀ ਪੁਲਸ ਅਧਿਕਾਰੀ ਰੋਨਿਲ ਸਿੰਘ ਨੂੰ ਅਮਰੀਕਾ ਦਾ ਹੀਰੋ (ਨਾਇਕ) ਦੱਸਿਆ। ਉਨ੍ਹਾਂ ਕਿਹਾ ਕਿ ਕੈਲੀਫੋਰਨੀਆ ਵਿੱਚ 26 ਦਸੰਬਰ ਨੂੰ ਅਮਰੀਕਾ 'ਚ ਨਾਜਾਇਜ਼ ਰਹਿ ਰਹੇ ਪ੍ਰਵਾਸੀ ਨੇ ਰੋਨਿਲ ਸਿੰਘ ਦੀ ਹੱਤਿਆ ਕਰ ਦਿੱਤੀ ਸੀ ਅਤੇ ਇਸ ਤਰ੍ਹਾਂ ਦੇ ਲੋਕਾਂ ਨੂੰ ਦੇਸ਼ ਵਿੱਚ ਰਹਿਣ ਦਾ ਕੋਈ ਹੱਕ ਨਹੀਂ। ਟਰੰਪ ਨੇ ਕਿਹਾ ਕਿ ਕ੍ਰਿਸਮਸ ਤੋਂ ਅਗਲੀ ਸਵੇਰ ਨੂੰ ਪੂਰੇ ਅਮਰੀਕਾ ਦਾ ਦਿਲ ਉਸ ਸਮੇਂ ਟੁੱਟ ਗਿਆ ਜਦੋਂ ਇਕ ਨਾਜਾਇਜ਼ ਤਰੀਕੇ ਨਾਲ ਰਹਿ ਰਹੇ ਪ੍ਰਵਾਸੀ ਨੇ ਪੁਲਸ ਅਧਿਕਾਰੀ ਦੀ ਹੱਤਿਆ ਕਰ ਦਿੱਤੀ ਹੈ।






ਇਸ ਮੌਕੇ ਡੋਨਾਲਡ ਟਰੰਪ ਨੇ ਕਿਹਾ ਕਿ ਅਮਰੀਕਾ ਦੇ ਹੀਰੋ ਦਾ ਜੀਵਨ ਉਸ ਤੋਂ ਉਸ ਵਿਅਕਤੀ ਨੇ ਖੋਹ ਲਿਆ ਜਿਸ ਨੂੰ ਦੇਸ਼ ਵਿੱਚ ਰਹਿਣ ਦਾ ਕੋਈ ਹੱਕ ਨਹੀਂ। ਵਰਨਣ ਯੋਗ ਹੈ ਕਿ ਰੋਨਿਲ ਸਿੰਘ ਦੇ ਕਤਲ ਪਿੱਛੋਂ ਕੈਲੀਫੋਰਨੀਆ ਪੁਲਸ ਨੇ ਹੱਤਿਆ ਦੇ ਦੋਸ਼ੀ ਨੂੰ ਮੈਕਸੀਕੋ ਸਰਹੱਦ ਤੋਂ ਗ੍ਰਿਫਤਾਰ ਕੀਤਾ ਸੀ। ਉਸ ਦੀ ਪਛਾਣ ਗੁਸਤਾਵ ਪੇਰੇਜ ਅਰੀਆਗਾ (33) ਵਜੋਂ ਹੋਈ। ਟਰੰਪ ਆਪਣੇ ਦੇਸ਼ ਵਾਸੀਆਂ ਨੂੰ ਸੰਬੋਧਨ ਕਰਦੇ ਹੋਏ ਅਮਰੀਕਾ ਮੈਕਸੀਕੋ ਸਰਹੱਦ ਉੱਤੇ ਕੰਧ ਦੀ ਜ਼ਰੂਰਤ ਬਾਰੇ ਦੱਸ ਰਹੇ ਸਨ। ਟਰੰਪ ਨੇ ਕਿਹਾ ਕਿ ਪਿਛਲੇ ਕੁਝ ਸਮੇਂ ਤੋਂ ਨਾਜਾਇਜ਼ ਪ੍ਰਵਾਸੀ ਲੋਕਾਂ ਨੇ ਬੇਸ਼ਕੀਮਤੀ ਜਾਨਾਂ ਲਈਆਂ ਹਨ ਅਤੇ ਇਸ ਤਰ੍ਹਾਂ ਦੇ ਲੋਕ ਸਰਹੱਦ ਟੱਪ ਕੇ ਆਉਂਦੇ ਹਨ।

# ਤਾਲਿਬਾਨ ਵੱਲੋਂ ਅਮਰੀਕੀ ਪ੍ਰਤੀਨਿਧਾਂ ਨਾਲ ਅਮਨ ਗੱਲਬਾਤ ਰੱਦ

ਲਾਹੌਰ, 10 ਜਨਵਰੀ (ਪੋਸਟ ਬਿਊਰੋ)- ਅਮਰੀਕੀ ਪ੍ਰਤੀਨਿਧਾਂ ਨਾਲ ਕੱਲ੍ਹ ਤੋਂ ਕਤਰ ਵਿੱਚ ਸ਼ੁਰੂ ਹੋਣ ਵਾਲੀ ਦੋ ਦਿਨਾਂ ਸ਼ਾਂਤੀ ਗੱਲਬਾਤ ਅਫਗਾਨ ਤਾਲਿਬਾਨ ਨੇ ਰੱਦ ਕਰ ਦਿੱਤੀ ਹੈ। ਉਨ੍ਹਾਂ ਨੇ ਗੱਲਬਾਤ 'ਚ ਅਫਗਾਨ ਅਧਿਕਾਰੀਆਂ ਦੇ ਸ਼ਾਮਲ ਹੋਣ ਦੀ ਮੰਗ ਅਤੇ ਜੰਗਬੰਦੀ ਅਤੇ ਕੈਦੀਆਂ ਦੇ ਤਬਾਦਲੇ ਦੇ ਏਜੰਡੇ 'ਤੇ ਮੱਤਭੇਦਾਂ ਨੂੰ ਕਾਰਨ ਦੱਸਿਆ ਹੈ।

ਵਰਨਣ ਯੋਗ ਹੈ ਕਿ ਤਾਲਿਬਾਨ ਨੇ ਇਸ ਤੋਂ ਪਹਿਲਾਂ ਸਾਊਦੀ ਅਰਬ ਨਾਲ ਵੀ ਗੱਲਬਾਤ ਤੋਂ ਇਨਕਾਰ ਕਰ ਦਿੱਤਾ ਸੀ। ਸਾਊਦੀ ਅਰਬ ਨੇ ਸ਼ਾਂਤੀ ਗੱਲਬਾਤ ਵਿੱਚ ਅਫਗਾਨਿਸਤਾਨ ਨੂੰ ਸ਼ਾਮਲ ਕਰਨ ਦੀ ਮੰਗ ਕੀਤੀ ਸੀ। ਇਸ ਬਾਰੇ ਕਾਬੁਲ 'ਚ ਨਿਯੁਕਤ ਅਮਰੀਕੀ ਰਾਜਦੂਤ ਜੌਨ ਬਾਸ ਨੇ ਕੱਲ੍ਹ ਆਪਣੇ ਟਵੀਟ 'ਚ ਲਿਖਿਆ ਕਿ ਤਾਲਿਬਾਨ ਨੂੰ ਅਫਗਾਨ ਨਾਲ ਵੀ ਓਦਾਂ ਹੀ ਗੱਲ ਕਰਨੀ ਚਾਹੀਦੀ ਹੈ, ਜਿਵੇਂ ਮੀਡੀਆ ਨਾਲ ਕਰਦੇ ਹਨ। ਸਾਲ 2001 ਤੋਂ ਯੁੱਧ ਪ੍ਰਭਾਵਿਤ ਅਫਗਾਨਿਸਤਾਨ 'ਚ ਇਸ ਸਮੇਂ ਤਕਰੀਬਨ 14 ਹਜ਼ਾਰ ਅਮਰੀਕੀ ਫੌਜੀ ਤਾਇਨਾਤ ਹਨ।



ਤਾਲਿਬਾਨ ਇਨ੍ਹਾਂ ਦੀ ਵਾਪਸੀ ਦੀ ਮੰਗ ਕਰ ਰਹੇ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਿੱਛੇ ਜਿਹੇ ਲਗਭਗ ਸੱਤ ਹਜ਼ਾਰ ਫੌਜੀਆਂ ਨੂੰ ਵਾਪਸ ਸੱਦਣ ਦਾ ਐਲਾਨ ਕੀਤਾ ਸੀ। ਦੱਸਿਆ ਜਾ ਰਿਹਾ ਹੈ ਕਿ ਅਮਰੀਕੀ ਅਧਿਕਾਰੀ ਕਤਰ 'ਚ ਅਫਗਾਨ ਅਫਸਰਾਂ ਨਾਲ ਮਿਲਣ ਲਈ ਜ਼ੋਰ ਦੇ ਰਹੇ ਸਨ। ਦੋਵਾਂ ਪਾਸਿਓਂ ਅਫਗਾਨਿਸਤਾਨ 'ਚ ਇਸ ਸਾਲ ਜੰਗਬੰਦੀ ਦਾ ਐਲਾਨ ਕਰਨ ਨੂੰ ਲੈ ਕੇ ਵਿਵਾਦ ਉਭਰੇ ਸਨ ਅਤੇ ਇਸ ਤੋਂ ਬਾਅਦ ਦੋਵੇਂ ਧਿਰਾਂ ਕਤਰ 'ਚ ਮੁਲਾਕਾਤ ਨਾ ਕਰਨ 'ਤੇ ਸਹਿਮਤ ਹੋਈਆਂ ਸਨ। ਤਾਲਿਬਾਨ ਨੇ ਅਮਰੀਕਾ ਨੂੰ 25 ਹਜ਼ਾਰ ਕੈਦੀਆਂ ਨੂੰ ਛੱਡਣ ਲਈ ਕਿਹਾ ਸੀ, ਜਦ ਕਿ ਅਮਰੀਕਾ ਸਿਰਫ ਤਿੰਨ ਹਜ਼ਾਰ ਨੂੰ ਹੀ ਛੱਡਣਾ ਚਾਹੁੰਦਾ ਹੈ।

# ਅਮਰੀਕਾ ਦੇ ਦੱਖਣ ਏਸ਼ੀਅਨ ਭਾਈਚਾਰੇ ਵਿੱਚ ਘਰੇਲੂ ਹਿੰਸਾ ਬਾਰੇ ਕਿਤਾਬ ਰਿਲੀਜ

ਵਾਸ਼ਿੰਗਟਨ, 10 ਜਨਵਰੀ (ਪੋਸਟ ਬਿਊਰੋ)- ਭਾਰਤੀ ਅਮਰੀਕਾ ਵਕੀਲ ਅਨੂ ਪੇਸ਼ਾਵਰੀਆ ਨੇ ਅਮਰੀਕਾ ਵਿੱਚ ਦੱਖਣ ਏਸ਼ੀਆਈ ਭਾਈਚਾਰੇ ਦੇ ਲੋਕਾਂ ਵਿੱਚ ਘਰੇਲੂ ਹਿੰਸਾ ਉੱਤੇ ਕਿਤਾਬ ਲਿਖੀ ਹੈ। ਪਿਛਲੇ ਹਫਤੇ ਸਾਨ ਫਰਾਂਸਿਸਕੋ ਵਿੱਚ 'ਨੇਵਰ ਅਗੇਨ' ਨਾਮਕ ਇਸ ਕਿਤਾਬ ਦੀ ਘੁੰਡ ਚੁਕਾਈ ਕੀਤੀ ਗਈ।

ਪੇਸ਼ਾਵਰੀਆ ਨੇ ਘਰੇਲੂ ਹਿੰਸਾ ਦੀਆਂ ਸ਼ਿਕਾਰ ਔਰਤਾਂ ਨਾਲ ਗੱਲਬਾਤ ਅਤੇ ਆਪਣੇ ਵਿਅਕਤੀਗਤ ਅਨੁਭਵਾਂ ਦੇ ਆਧਾਰ 'ਤੇ ਇਸ ਨੂੰ ਲਿਖਿਆ ਹੈ। ਇਸ ਤੋਂ ਪਹਿਲਾਂ ਉਨ੍ਹਾਂ ਦੀਆਂ ਦੋ ਕਿਤਾਬਾਂ 'ਦ ਇਮੀਗ੍ਰੇਂਟ੍ਰਸ ਡ੍ਰੀਮ' ਅਤੇ 'ਲਾਈਵਸ ਆੱਨ ਦ ਬ੍ਰਿੰਕ' ਨੇ ਅਮਰੀਕਾ ਵਿੱਚ ਰਹਿੰਦੇ ਦੱਖਣ ਏਸ਼ੀਆਈ ਪਰਵਾਰਾਂ ਵਿੱਚ ਘਰੇਲੂ ਹਿੰਸਾ ਦੀ ਮੂਲ ਵਜ੍ਹਾ ਖਤਮ ਕਰਨ ਦੇ ਲਈ ਪਾਰਲੀਮੈਂਟ ਮੈਂਬਰਾਂ ਦਾ ਧਿਆਨ ਖਿੱਚਿਆ ਸੀ। ਪੇਸ਼ਾਵਰੀਆ ਨੇ ਦੱਸਿਆ ਕਿ ਭਾਵੇਂ ਅਮਰੀਕਾ ਦੀ ਘਰੇਲੂ ਹਿੰਸਾ ਦਾ ਸ਼ਿਕਾਰ ਭਾਰਤੀ ਤੇ ਦੱਖਣ ਏਸ਼ੀਆਈ ਔਰਤਾਂ 'ਤੇ ਕੌਮੀ ਪੱਧਰ 'ਤੇ



ਅਨੂ ਪੇਸ਼ਾਵਰੀਆ

ਕੋਈ ਅਧਿਐਨ ਨਹੀਂ ਹੋਇਆ, ਪਰ ਕੁਝ ਕਾਰਨ ਹਨ ਜਿਨ੍ਹਾਂ ਤੋਂ ਇਹ ਮੰਨਿਆ ਜਾ ਸਕਦਾ ਹੈ ਕਿ ਇਸ ਭਾਈਚਾਰੇ ਵਿੱਚ ਇਹ ਸਮੱਸਿਆ ਵਧੀ ਹੈ। ਉਨ੍ਹਾਂ ਨਾਲ ਗੱਲਬਾਤ ਦੇ ਆਧਾਰ 'ਤੇ ਮੈਂ ਪਾਇਆ ਕਿ ਸਾਰੇ ਕੇਸਾਂ ਵਿੱਚ ਔਰਤਾਂ ਖੁਦ ਨੂੰ ਲਾਚਾਰ ਮੰਨਦੀਆਂ ਹਨ। ਉਨ੍ਹਾਂ ਨੂੰ ਡਰ ਹੈ ਕਿ ਵਿਆਹੁਤਾ ਰਿਸ਼ਤੇ ਦੀ ਅਸਫਲਤਾ 'ਤੇ ਦੇਸ਼ ਵਿੱਚ ਉਨ੍ਹਾਂ ਦਾ ਸਮਾਜ ਉਨ੍ਹਾਂ ਨੂੰ ਕੀ ਕਹੇਗਾ। ਜ਼ਿਆਦਾ ਔਰਤਾਂ ਇਸ ਬਾਰੇ ਮੂੰਹ ਖੋਲ੍ਹਣ ਦਾ ਵੀ ਸਾਹਸ ਨਹੀਂ ਦਿਖਾਉਂਦੀਆਂ ਅਤੇ ਕਿਸੇ ਪ੍ਰਕਾਰ ਦੀ ਕਾਨੂੰਨੀ ਸਹਾਇਤਾ ਲੈਣ ਤੋਂ ਵੀ ਗੁਰੇਜ਼ ਕਰਦੀਆਂ ਹਨ।

# ਸੋਸ਼ਲ ਮੀਡੀਆ ਨਾਲ ਔਰਤਾਂ ਨੂੰ ਬਲੈਕਮੇਲ ਕਰਨ ਵਾਲੇ ਬੰਦੇ ਨੂੰ 24 ਸਾਲ ਕੈਦ ਦੀ ਸਜ਼ਾ

ਲਾਹੌਰ, 10 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਦੀ ਇਕ ਅਦਾਲਤ ਨੇ 200 ਔਰਤਾਂ ਡਾਕਟਰਾਂ ਅਤੇ ਨਰਸਾਂ ਨੂੰ ਉਨ੍ਹਾਂ ਦੇ ਸੋਸ਼ਲ ਅਕਾਉਂਟ ਨਾਲ ਬਲੈਕਮੇਲ ਕਰ ਰਹੇ ਸਾਈਬਰ ਟੌਕਰ ਨੂੰ 24 ਸਾਲ ਕੈਦ ਦੀ ਸਜ਼ਾ ਦਿੱਤੀ ਹੈ। ਇਹ ਦੇਸ਼ ਦੇ ਇਤਿਹਾਸ ਵਿਚ ਸੋਸ਼ਲ ਮੀਡੀਆ ਅਪਰਾਧ ਦੇ ਜੁਰਮ ਵਿਚ ਕਿਸੇ ਨੂੰ ਦਿੱਤੀ ਗਈ ਸਭ ਤੋਂ ਵੱਡੀ ਸਜ਼ਾ ਹੈ।

ਲਾਹੌਰ ਦੀ ਅੱਤਵਾਦ ਰੋਕੂ ਅਦਾਲਤ ਦੇ ਜੱਜ ਸੱਜਾਦ ਅਹਿਮਦ ਨੇ ਕੱਲ੍ਹ ਅਬਦੁਲ ਵਹਾਬ ਨੂੰ ਕੁਲ 24 ਸਾਲ ਦੀ ਸਜ਼ਾ ਸੁਣਾਈ ਅਤੇ ਉਸ ਉੱਤੇ 7 ਲੱਖ ਰੁਪਏ ਦਾ ਜੁਰਮਾਨਾ ਲਾਇਆ। ਜੱਜ ਨੇ ਵਾਹਬ ਨੂੰ ਇੱਕ ਕੇਸ ਵਿੱਚ 14 ਸਾਲ ਦੀ ਜੇਲ ਅਤੇ 500,000 ਰੁਪਏ ਦਾ ਜੁਰਮਾਨਾ ਲਾਇਆ। ਇਸ ਤੋਂ ਇਲਾਵਾ ਦੂਸਰੇ ਕੇਸ ਵਿੱਚ ਉਸ




'ਤੇ 7 ਸਾਲ ਕੈਦ ਦੀ ਸਜ਼ਾ ਅਤੇ 100,000 ਰੁਪਏ ਦਾ ਜੁਰਮਾਨਾ ਲਾਇਆ। ਫਿਰ ਤੀਸਰੇ ਕੇਸ ਵਿੱਚ ਉਸ ਨੂੰ ਤਿੰਨ ਸਾਲ ਜੇਲ ਦੀ ਸਜ਼ਾ ਅਤੇ 100,000 ਰੁਪਏ ਭਰਨ ਦੀ ਸਜ਼ਾ ਸੁਣਾਈ ਗਈ। ਸਭ ਸਜ਼ਾਵਾਂ ਨਾਲੋ-ਨਾਲ ਚੱਲਣਗੀਆਂ।

ਵਰਨਣ ਯੋਗ ਹੈ ਕਿ ਇਹ ਮਾਮਲਾ ਸਾਲ 2015 ਵਿਚ ਸਾਹਮਣੇ ਆਇਆ ਸੀ ਜਿਸ ਦੌਰਾਨ ਲਾਹੌਰ ਦੇ ਸਰਕਾਰੀ ਟੀਚਿੰਗ ਹਸਪਤਾਲ ਦੀ ਮਹਿਲਾ ਡਾਕਟਰ ਅਤੇ ਨਰਸਾਂ ਸਣੇ ਤਕਰੀਬਨ 200 ਔਰਤਾਂ ਦਾ ਉਸ ਨੇ ਸ਼ੋਸ਼ਣ ਕੀਤਾ ਸੀ ਜਾਂ ਉਨ੍ਹਾਂ ਨੂੰ ਬਲੈਕਮੇਲ ਕੀਤਾ ਸੀ। ਇਸ ਤੋਂ ਬਾਅਦ ਪੰਜਾਬ ਦੇ ਲਿਆਹ ਜ਼ਿਲੇ ਦੇ ਵਾਸੀ ਵਹਾਬ ਨੂੰ ਨਰਨ ਤੋਂ 2015 ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਦੋਸ਼ੀ ਨੇ ਖੁਦ ਨੂੰ ਫੌਜੀ ਖੁਫੀਆ ਵਿਭਾਗ ਦਾ ਅਧਿਕਾਰੀ ਦੱਸਿਆ ਅਤੇ ਔਰਤਾਂ ਦੇ ਇਤਰਾਜ਼ ਯੋਗ ਫੋਟੋ ਫੇਸਬੁੱਕ ਅਕਾਉਂਟ 'ਤੇ ਪੋਸਟ ਕਰਨ ਦੀ ਧਮਕੀ ਦਿੱਤੀ, ਜਿਸ ਦੇ ਬਦਲੇ ਉਨ੍ਹਾਂ ਕੋਲੋਂ ਪੈਸੇ ਮੰਗਦਾ ਸੀ।

# ਅਫਗਾਨ ਮੁੱਦੇ ਲਈ ਟਰੰਪ ਦਾ ਵਿਸ਼ੇਸ਼ ਦੂਤ ਭਾਰਤ ਦੌਰਾ ਕਰੇਗਾ

ਵਾਸ਼ਿੰਗਟਨ, 10 ਜਨਵਰੀ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਅਫਗਾਨ ਮੁੱਦੇ ਬਾਰੇ ਵਿਸ਼ੇਸ਼ ਦੂਤ ਜ਼ਾਲਮੇਈ ਖਾਲਿਜ਼ਾਦ ਭਾਰਤ ਦੇ ਪਹਿਲੇ ਦੌਰੇ ਮੌਕੇ ਅਫਗਾਨਿਸਤਾਨ 'ਚ ਅੰਦਰੂਨੀ ਸਿਆਸੀ ਸਥਿਰਤਾ ਕਾਇਮ ਕਰਨ ਦੇ ਯਤਨਾਂ ਤਹਿਤ ਭਾਰਤੀ ਅਥਾਰਿਟੀ ਨਾਲ ਸਹਿਮਤੀ ਬਣਾਉਣ ਦੀ ਕੋਸ਼ਿਸ਼ ਕਰਨਗੇ। ਇਹ ਐਲਾਨ ਅਮਰੀਕੀ ਵਿਦੇਸ਼ ਮੰਤਰਾਲੇ ਨੇ ਰਾਸ਼ਟਰਪਤੀ ਟਰੰਪ ਤੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚਾਲੇ ਹੋਈ ਗੱਲਬਾਤ ਤੋਂ ਬਾਅਦ ਕੀਤਾ ਹੈ। ਦੋਵਾਂ ਆਗੂਆਂ ਨੇ ਗ੍ਰਹਿ ਯੁੱਧ ਦਾ ਸ਼ਿਕਾਰ ਅਫਗਾਨਿਸਤਾਨ ਵਿੱਚ ਸ਼ਾਂਤੀ ਬਹਾਲੀ ਲਈ ਸਹਿਯੋਗ ਬਾਰੇ ਗੱਲਬਾਤ ਕੀਤੀ ਸੀ। ਅਮਰੀਕੀ ਵਿਦੇਸ਼ ਮੰਤਰਾਲੇ ਨੇ ਕੱਲ੍ਹ ਕਿਹਾ ਸੀ ਕਿ ਖਾਲਿਜ਼ਾਦ ਨਾਲ ਇਕ ਡੈਲੀਗੇਸ਼ਨ ਭਾਰਤ, ਚੀਨ, ਅਫਗਾਨਿਸਤਾਨ ਤੇ ਪਾਕਿਸਤਾਨ ਦੇ ਦੌਰੇ 'ਤੇ ਜਾਵੇਗਾ।

# ਡੈਂਟਲ ਪਲਾਸ ਵਿੱਚ ਜ਼ਹਿਰੀਲਾ ਕੈਮੀਕਲ ਹੋਣ ਦੀ ਚਰਚਾ ਚੱਲੀ

ਨਿਊਯਾਰਕ, 10 ਜਨਵਰੀ (ਪੋਸਟ ਬਿਊਰੋ)- ਅਮਰੀਕਾ ਵਿੱਚ ਬਣਾਏ ਸਾਈਲੈਂਟ ਸਿੰਪ੍ਰਗ ਇੰਸਟੀਚਿਊਟ ਦੀ ਅਗਵਾਈ ਵਿੱਚ ਹੋਏ ਇਕ ਸਟੱਡੀ ਵਿੱਚ ਪਾਇਆ ਗਿਆ ਹੈ ਕਿ ਡੈਂਟਲ ਪਲਾਸ ਦੀ ਵਰਤੋਂ ਨਾਲ ਸਰੀਰ ਵਿੱਚ ਜ਼ਹਿਰੀਲੇ ਕੈਮੀਕਲ ਦਾ ਵਾਧਾ ਹੋ ਸਕਦਾ ਹੈ ਜਿਸ ਨਾਲ ਵਿਸ਼ੇਸ਼ਕਰ ਔਰਤਾਂ ਵਿੱਚ ਸਿਹਤ ਬਾਰੇ ਕਈ ਸਮੱਸਿਆਵਾਂ ਆ ਸਕਦੀਆਂ ਹਨ, ਜਿਨ੍ਹਾਂ ਵਿੱਚ ਕਿਡਨੀ ਅਤੇ ਟੈਸਟੀਕੁਲਰ ਕੈਂਸਰ, ਹਾਈ ਕੈਲੈਸਟ੍ਰੋਲ ਆਦਿ ਸਮੱਸਿਆਵਾਂ ਵੀ ਸ਼ਾਮਲ ਹੈ। ਇਸ ਸਟੱਡੀ ਵਿੱਚ ਮੱਧ ਉਮਰ ਵਰਗ ਦੀਆਂ 178 ਔਰਤਾਂ ਨੂੰ ਸ਼ਾਮਲ ਕੀਤਾ ਗਿਆ ਸੀ।

ਜਨਰਲ ਆਫ ਐਕਸਪੋਜ਼ਰ ਸਾਇੰਸ ਅਤੇ ਐਨਵਾਇਰਨਮੈਂਟਲ ਏਪਿਡੀਮਿਓਲੱਜੀ ਵਿੱਚ ਛਪੇ ਨਤੀਜੇ ਤੋਂ ਪਤਾ ਲੱਗਾ ਕਿ ਜਿਨ੍ਹਾਂ ਔਰਤਾਂ ਨੇ ਓਰਲ ਬੀ ਗਲਾਇਡ ਪਲਾਸ ਦੀ ਵਰਤੋਂ ਕੀਤੀ ਸੀ, ਉਨ੍ਹਾਂ ਦੇ ਸਰੀਰ ਵਿੱਚ ਉਨ੍ਹਾਂ ਔਰਤਾਂ ਦੇ ਮੁਕਾਬਲੇ ਪੀ ਐਫ ਏ ਐਮ (ਪ੍ਰਤੀ ਅਤੇ ਪਾਲਿਫਲੋਰੋਈਕਾਲ ਪਦਾਰਥ) ਦਾ ਉਚ ਪੱਧਰ ਪਾਇਆ ਗਿਆ, ਜਿਨ੍ਹਾਂ ਨੇ ਇਸ ਦੀ ਵਰਤੋਂ ਨਹੀਂ ਸੀ ਕੀਤੀ। ਇੰਸਟੀਚਿਊਟ ਦੀ ਵਿਗਿਆਨੀ ਕੈਟੀ ਬੋਰੋਨਾਊ ਦੇ ਅਨੁਸਾਰ ਇਹ ਪਹਿਲਾ ਅਧਿਐਨ ਹੈ ਜੋ ਦੱਸਦਾ ਹੈ ਕਿ ਡੈਂਟਲ ਪਲਾਸ ਦੀ ਵਰਤੋਂ ਨਾਲ ਸਰੀਰ ਵਿੱਚ ਜ਼ਹਿਰੀਲੇ ਕੈਮੀਕਲ ਦਾ ਵਾਧਾ ਹੁੰਦਾ ਹੈ। ਉਨ੍ਹਾਂ ਕਿ ਵਧੀਆ ਖਬਰ ਇਹ ਹੈ ਕਿ ਖਪਤਕਾਰ ਸਾਡੇ ਨਤੀਜੇ ਨੂੰ ਦੇਖਦੇ ਹੋਏ ਇੱਕ ਪਲਾਸ ਦੀ ਚੋਣ ਕਰ ਸਕਦੇ ਹਨ।

# ਹਸੀਨਾ-ਮਨਮੋਹਨ ਦੀਆਂ ਫੋਟੋ ਨਾਲ ਛੇੜਛਾੜ ਦੇ ਦੋਸ਼ੀਆਂ ਨੂੰ ਸੱਤ ਸਾਲ ਦੀ ਸਜ਼ਾ

ਢਾਕਾ, 10 ਜਨਵਰੀ (ਪੋਸਟ ਬਿਊਰੋ)- ਬੰਗਲਾ ਦੇਸ਼ ਵਿੱਚ 35 ਸਾਲ ਦੇ ਇਕ ਵਿਅਕਤੀ ਨੂੰ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਤੇ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਸਮੇਤ ਕਈ ਨੇਤਾਵਾਂ ਦੀਆਂ ਤਸਵੀਰਾਂ ਦੇ ਨਾਲ ਛੇੜਛਾੜ ਦੇ ਦੋਸ਼ ਵਿਚ ਸੱਤ ਸਾਲ ਦੀ ਜੇਲ੍ਹ ਦੀ ਸਜ਼ਾ ਹੋਈ ਹੈ। ਸੱਜੇ ਪੱਖੀ ਗਰੁੱਪ ਨੇ ਇਸ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਸਰਕਾਰ ਸਖ਼ਤ ਇੰਟਰਨੈਟ ਕਾਨੂੰਨਾਂ ਦੀ ਵਰਤੋਂ ਅਸੰਤੁਸ਼ਟ ਲੋਕਾਂ ਦੀ ਅਵਾਜ਼ ਦਬਾਉਣ ਲਈ ਕਰ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ ਬੰਗਲਾ ਦੇਸ਼ ਸਾਈਬਰ ਟ੍ਰੀਬਿਊਨਲ ਦੇ ਇਕ ਜੱਜ ਨੇ ਮੁਨੀਰ ਹੁਸੈਨ ਨੂੰ ਬੁੱਧਵਾਰ ਨੂੰ ਇਹ ਸਜ਼ਾ ਸੁਣਾਈ ਹੈ। ਖਬਰਾਂ ਮੁਤਾਬਕ ਇਸ ਕੇਸ ਵਿਚ ਦੋ ਹੋਰ ਦੋਸ਼ੀ ਸਨ, ਪਰ ਦੋਸ਼ ਸਾਬਤ ਨਾ ਹੋਣ ਕਾਰਨ ਉਨ੍ਹਾਂ ਨੂੰ ਬਰੀ ਕਰ ਦਿਤਾ ਗਿਆ। ਫ਼ੈਸਲੇ ਮੁਤਾਬਕ ਮੁਨੀਰ 'ਮੁਨੀਰ ਟੈਲੀਕਾਮ' ਨਾਮ ਦੀ ਦੁਕਾਨ ਚਲਾਉਂਦਾ ਸੀ ਅਤੇ ਸਾਲ 2013 ਵਿਚ ਉਸ ਨੇ ਮੋਬਾਈਲ ਫੋਨ ਦੀ ਵਰਤੋਂ ਕਰਨ ਵਾਲੇ ਲੋਕਾਂ ਨੂੰ ਸ਼ੇਖ ਹਸੀਨਾ, ਸਾਬਕਾ ਰਾਸ਼ਟਰਪਤੀ ਜ਼ਿੱਲੁਰ ਰਹਿਮਾਨ ਤੇ ਮਨਮੋਹਨ ਸਿੰਘ ਦੀਆਂ ਅਜਿਹੀ ਤਸਵੀਰਾਂ ਭੇਜੀਆਂ, ਜਿਨ੍ਹਾਂ ਨਾਲ ਛੇੜਛਾੜ ਕੀਤੀ ਗਈ ਸੀ। ਸੱਜੇ ਪੱਖੀ ਗਰੁੱਪਾਂ ਨੇ ਸਖ਼ਤ ਇੰਟਰਨੈਟ ਕਾਨੂੰਨਾਂ ਦੀ ਵਰਤੋਂ ਕਰਨ ਲਈ ਸਰਕਾਰ ਦੀ ਆਲੋਚਨਾ ਕੀਤੀ।



# ਪਾਕਿ ਸਰਕਾਰ ਵੱਲੋਂ ਬਾਇਓਮਿਥੇਨ ਗੈਸ ਨਾਲ ਬੱਸ ਚਲਾਉਣ ਦਾ ਫੈਸਲਾ ਲਿਆ ਗਿਆ

ਲਾਹੌਰ, 10 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਸਰਕਾਰ ਨੇ ਗਾਂ ਦੇ ਗੋਬਰ ਨਾਲ ਬੱਸ ਚਲਾਉਣ ਦਾ ਫੈਸਲਾ ਲਿਆ ਹੈ। ਇਸ ਬਾਰੇ ਜਾਣਕਾਰ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਹਾਲੇ ਇਸ ਤਰ੍ਹਾਂ ਦੀ ਸੇਵਾ ਕੇਵਲ ਕਰਾਚੀ ਵਿੱਚ ਸ਼ੁਰੂ ਕੀਤੀ ਜਾ ਰਹੀ ਹੈ ਅਤੇ ਬਾਅਦ ਵਿੱਚ ਇਸ ਦਾ ਵਿਸਥਾਰ ਪੂਰੇ ਪਾਕਿਸਤਾਨ ਵਿੱਚ ਕੀਤਾ ਜਾਵੇਗਾ।

ਵਰਨਣ ਯੋਗ ਹੈ ਕਿ ਪਾਕਿਸਤਾਨ ਵਿੱਚ ਹਵਾ ਪ੍ਰਦੂਸ਼ਣ ਇੰਨਾ ਵੱਧ ਖਤਰਨਾਕ ਸਾਬਤ ਹੋ ਰਿਹਾ ਹੈ ਕਿ ਹਰ ਸਾਲ ਕਰੀਬ 28 ਫੀਸਦੀ ਮੌਤਾਂ ਜ਼ਹਿਰੀਲੀ ਹਵਾ ਨਾਲ ਹੁੰਦੀਆਂ ਹਨ। ਇਨ੍ਹਾਂ ਬੱਸਾਂ ਨੂੰ ਗਰੀਨ ਬੱਸ ਰੇਪਿਡ ਟਰਾਂਜਿਟ ਨੈਟਵਰਕ ਦੇ ਨਾਮ ਨਾਲ ਜਾਣਿਆ ਜਾ ਰਿਹਾ ਹੈ, ਜਿਹੜੀਆਂ ਗਾਂ ਦੇ ਗੋਬਰ ਯਾਨੀ ਬਾਇਓਮਿਥੇਨ ਗੈਸ ਨਾਲ ਚੱਲਣਗੀਆਂ।

ਇਸ ਵੇਲੇ ਪਾਕਿਸਤਾਨ ਵਿੱਚ ਚਾਰ ਲੱਖ ਤੋਂ ਵੱਧ ਗਾਵਾਂ ਮੱਝਾਂ ਹਨ। ਇਸ ਅਨੋਖੇ ਪ੍ਰੋਜੈਕਟ ਨਾਲ ਦੇਸ਼ ਦੀ ਹਵਾ ਸਾਫ ਹੋਵੇਗੀ ਤੇ ਇਹ ਜਲ ਪ੍ਰਦੂਸ਼ਣ ਨੂੰ ਵੀ ਘੱਟ ਕਰਨ ਵਿੱਚ ਮਦਦਗਾਰ ਸਾਬਤ ਹੋਵੇਗਾ। ਦੁਧਾਰੂ ਪਸ਼ੂਆਂ ਦਾ ਮਲ-ਮੂਤਰ ਨਦੀਆਂ ਤੋਂ ਸਮੁੰਦਰ ਤੱਕ ਪਹੁੰਚ ਜਾਂਦਾ ਹੈ ਅਤੇ ਪਾਣੀ ਦਾ ਸਰੋਤ ਲਗਾਤਾਰ ਗੰਦਾ ਹੁੰਦਾ ਜਾਂਦਾ ਹੈ। ਮਿਲੀ ਜਾਣਕਾਰੀ ਦੇ ਅਨੁਸਾਰ ਪਾਕਿਸਤਾਨ ਵਿੱਚ ਹਰ ਦਿਨ ਲਗਭਗ 3200 ਟਨ ਗੋਬਰ ਅਤੇ ਮੂਤਰ ਸਮੁੰਦਰ ਵਿੱਚ ਵਹਾਇਆ ਜਾਂਦਾ ਹੈ।










# ਵਿਧਾਇਕ ਜਲਾਲਪੁਰ ਸਮੇਤ 18 ਜਣੇ ਅਦਾਲਤ ਵੱਲੋਂ ਬਰੀ

ਰਾਜਪੁਰਾ, 10 ਜਨਵਰੀ (ਪੋਸਟ ਬਿਊਰੋ)- ਨਗਰ ਪੰਚਾਇਤ ਘਨੌਰ ਦੀਆਂ 2012 ਵਿੱਚ ਹੋਈਆਂ ਚੋਣਾਂ ਦੌਰਾਨ ਘਨੌਰ ਪੁਲਸ ਵੱਲੋਂ ਵਿਧਾਇਕ ਮਦਨ ਲਾਲ ਜਲਾਲਪੁਰ ਸਮੇਤ 18 ਜਣਿਆਂ 'ਤੇ ਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਕੀਤਾ ਗਿਆ ਸੀ, ਜਿਸ ਵਿੱਚ ਨਾਮਜ਼ਦ ਵਿਧਾਇਕ ਸਣੇ 19 ਜਣਿਆਂ ਨੂੰ ਰਾਜਪੁਰਾ ਅਦਾਲਤ ਨੇ ਬਾਇਜ਼ਤ ਛੱਡ ਦਿੱਤਾ ਹੈ। ਅਦਾਲਤ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਵਿਧਾਇਕ ਮਦਨ ਲਾਲ ਜਲਾਲਪੁਰ ਨੇ ਕਿਹਾ ਕਿ ਉਨ੍ਹਾਂ ਨੂੰ



ਅਦਾਲਤ ਉੱਤੇ ਭਰੋਸਾ ਸੀ ਤੇ ਅਖੀਰ ਵਿੱਚ ਸੱਚਾਈ ਦੀ ਜਿੱਤ ਹੋਈ ਹੈ।

ਵਿਧਾਇਕ ਜਲਾਲਪੁਰ ਨੇ ਦੱਸਿਆ ਕਿ ਅਕਾਲੀ ਭਾਜਪਾ ਸਰਕਾਰ ਦੇ ਇਸ਼ਾਰੇ ਉੱਤੇ ਘਨੌਰ ਵਿੱਚ 2012 ਵਿੱਚ ਹੋਈਆਂ ਨਗਰ ਪੰਚਾਇਤ ਚੋਣਾਂ ਦੌਰਾਨ ਉਨ੍ਹਾਂ ਸਣੇ ਸਾਥੀਆਂ ਦੇ ਖਿਲਾਫ ਪੁਲਸ ਨੇ ਵੱਖ-ਵੱਖ ਧਾਰਾਵਾਂ ਦਾ ਮਾਮਲਾ ਦਰਜ ਕੀਤਾ ਸੀ। ਬਚਾਅ ਧਿਰ ਦੇ ਵਕੀਲ ਬਲਜਿੰਦਰ ਸਿੰਘ ਸੈਣੀ ਨੇ ਦੱਸਿਆ ਕਿ 2010 ਵਿੱਚ ਘਨੌਰ ਪੁਲਸ ਨੇ ਮਦਨ ਲਾਲ ਜਲਾਲਪੁਰ ਸਮੇਤ 19 ਜਣਿਆਂ ਉੱਤੇ ਕੇਸ ਦਰਜ ਕੀਤਾ ਸੀ, ਸੱਤ ਸਾਲ ਚੱਲੇ ਇਸ ਕੇਸ ਵਿੱਚ ਤਿੰਨ ਦਰਜਨ ਦੇ ਕਰੀਬ ਗਵਾਹੀਆਂ ਹੋਈਆਂ, ਪਰ ਅੰਤ ਨੂੰ ਅਦਾਲਤ ਨੇ ਸਾਰਿਆਂ ਨੂੰ ਛੱਡ ਦਿੱਤਾ ਹੈ।

# ਭੀਮ ਟਾਂਕ ਕਤਲ ਕੇਸ ਦੇ ਗਵਾਹ ਨੂੰ ਪਰਵਾਰ ਸਮੇਤ ਮਾਰ ਦੇਣ ਦੀ ਧਮਕੀ ਮਿਲੀ

ਅਬੋਹਰ, 10 ਜਨਵਰੀ (ਪੋਸਟ ਬਿਊਰੋ)- ਇਸ ਸ਼ਹਿਰ ਦੇ ਬਹੁ ਚਰਚਿਤ ਭੀਮ ਟਾਂਕ ਕਤਲ ਕੇਸ ਦੇ ਗਵਾਹ ਅਤੇ ਇਸ ਕਾਂਡ ਵਿੱਚ ਗੰਭੀਰ ਜ਼ਖਮੀ ਹੋਏ ਗੁਰਜੰਟ ਸਿੰਘ ਉਰਫ ਜੰਟਾ ਲਾਹੌਰੀਆ ਨੂੰ ਪਰਵਾਰ ਸਮੇਤ ਮਾਰ ਦੇਣ ਦੀਆਂ ਧਮਕੀਆਂ ਮਿਲੀਆਂ ਹਨ। ਪੁਲਸ ਨੇ ਗੁਰਜੰਟ ਸਿੰਘ ਦੀ ਸ਼ਿਕਾਇਤ ਉੱਤੇ ਸ਼ਿਵ ਲਾਲ ਡੋਡਾ, ਉਸ ਦੇ ਭਤੀਜੇ ਅਮਿਤ ਡੋਡਾ, ਰਾਜੀਵ ਚੁਘ, ਸੁਰੇਸ਼ ਸਤੀਜਾ ਅਤੇ ਜੈ ਪਾਲ ਭੁੱਲਰ ਦੇ ਵਿਰੁੱਧ ਧਮਕੀ ਦੇਣ ਸਮੇਤ ਵੱਖ-ਵੱਖ ਧਾਰਾਵਾ ਦੇ ਕੇਸ ਦਰਜ ਕੀਤਾ ਹੈ। ਗਵਾਹ ਗੁਰਜੰਟ ਦੇ ਸੁਭਾਸ਼ ਨਗਰ ਵਾਲੇ ਘਰ ਉੱਤੇ ਸੁਰੱਖਿਆ ਸਖਤ ਕਰ ਦਿੱਤੀ ਗਈ ਹੈ।

ਸ਼ਰਾਬ ਕਾਰੋਬਾਰੀ ਤੇ ਪਿਛਲੀ ਸਰਕਾਰ ਦੇ ਮੋਹਰੀ ਅਕਾਲੀ ਦਲ ਦੇ ਹਲਕਾ ਇੰਚਾਰਜ ਸ਼ਿਵ ਲਾਲ ਡੋਡਾ ਦੇ ਇਕ ਸਟਾਫ ਮੈਂਬਰ ਦੇ ਫੋਨ ਉੱਤੇ ਬੁਲਾਏ ਜਾਣ 'ਤੇ ਗੁਰਜੰਟ ਸਿੰਘ ਉਸ ਨਾਲ ਭੀਮ ਟਾਂਕ ਦੇ ਰਾਮਸਰਾ ਵਾਲੇ ਫਾਰਮ ਹਾਊਸ ਵਿੱਚ 12 ਦਸੰਬਰ 2015 ਨੂੰ ਗਿਆ ਸੀ। ਉਥੇ ਮੌਜੂਦ ਕਰੀਬ ਦੋ ਦਰਜਨ ਹਥਿਆਰਬੰਦ ਲੋਕਾਂ ਨੇ ਫਾਰਮ ਦਾ ਦਰਵਾਜ਼ਾ ਬੰਦ ਕਰਨ ਦੇ ਬਾਅਦ ਇਨ੍ਹਾਂ ਦੋਵਾਂ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਸੀ। ਭੀਮ ਟਾਂਕ ਦੇ ਪੈਰ ਕੱਟੇ ਜਾਣ ਕਾਰਨ ਦਮ ਤੋੜ ਗਿਆ ਸੀ ਅਤੇ ਜੰਟਾ ਲਾਹੌਰੀਆ ਇਲਾਜ ਦੇ ਬਾਅਦ ਮਸਾਂ ਬਚਿਆ ਸੀ। ਜ਼ਿਲ੍ਹਾ ਅਦਾਲਤ ਵਿੱਚ ਕੇਸ ਦੀ ਸੁਣਵਾਈ ਦੌਰਾਨ ਜੰਟਾ ਤੇ ਉਸ ਦੇ ਭਰਾ ਰਣਜੀਤ ਸਿੰਘ ਦੀ ਗਵਾਹੀ ਹੋਣ ਦੇ ਬਾਅਦ ਜੰਟਾ ਨੇ ਮੁੜ ਗਵਾਹੀ ਦੇਣ ਦੀ ਅਰਜ਼ੀ ਦਾਇਰ ਕੀਤੀ ਹੋਈ ਹੈ। ਗੁਰਜੰਟ ਸਿੰਘ ਨੇ ਪੁਲਸ ਨੂੰ ਸ਼ਿਕਾਇਤ ਕੀਤੀ ਹੈ ਕਿ 19 ਦਸੰਬਰ ਨੂੰ ਫਿਰੋਜ਼ਪੁਰ ਵਾਸੀ ਜੈਪਾਲ ਭੁੱਲਰ ਦੇ ਨਾਂਅ ਤੋਂ ਫੋਨ ਆਇਆ ਤੇ ਉਸ ਨੇ ਕਿਹਾ ਕਿ ਸ਼ਿਵ ਲਾਲ ਡੋਡਾ, ਅਮਿਤ ਡੋਡਾ ਦੇ ਹੱਕ ਵਿੱਚ ਝੂਠੀ ਗਵਾਹੀ ਨਾ ਦਿੱਤੀ ਤਾਂ ਤੈਨੂੰ ਅਤੇ ਤੇਰੇ ਪਰਵਾਰ ਨੂੰ ਖਤਮ ਕਰ ਦਿੱਤਾ ਜਾਏਗਾ। ਇਸ ਪਿੱਛੋਂ 25 ਦਸੰਬਰ ਨੂੰ ਜਦ ਉਹ ਆਪਣੇ ਭਰਾ ਰਣਜੀਤ ਸਿੰਘ ਦੇ ਨਾਲ ਬਾਜ਼ਾਰ ਜਾ ਰਿਹਾ ਸੀ ਤਾਂ ਰਸਤੇ ਵਿੱਚ ਰਾਜੀਵ ਚੁਘ ਵਾਸੀ ਰਿੱਧੀ ਸਿੱਧੀ ਕਲੋਨੀ ਅਤੇ ਸੁਰੇਸ਼ ਸ਼ਤੀਜਾ ਵਾਸੀ ਕਾਲਜ ਰੋਡ ਮਿਲੇ। ਉਨ੍ਹਾਂ ਨੇ ਵੀ ਕਿਹਾ ਕਿ ਸ਼ਿਵ ਲਾਲ ਡੋਡਾ ਦਾ ਸੁਨੇਹਾ ਆਇਆ ਹੈ ਕਿ ਉਨ੍ਹਾਂ ਦੇ ਹੱਕ ਵਿੱਚ ਹੀ ਗਵਾਹੀ ਦੇਣੀ ਹੈ। ਪਰਵਾਰ ਦੀ ਸੁਰੱਖਿਆ ਦੇ ਕਾਰਨ ਇਸ ਸਾਰੇ ਮਾਮਲੇ ਨੂੰ ਜ਼ਾਹਰ ਨਹੀਂ ਕੀਤਾ ਸੀ।

# ਯਮਨੋਤਰੀ ਹਾਈਵੇ ਘੋਟਾਲਾ ਕੇਸ ਵਿੱਚ ਈ ਡੀ ਵੱਲੋਂ ਵੀ ਕੇਸ

ਲਖਨਊ, 10 ਜਨਵਰੀ (ਪੋਸਟ ਬਿਊਰੋ)- ਦਿੱਲੀ-ਸਹਾਰਨਪੁਰ ਯਮਨੋਤਰੀ ਹਾਈਵੇ ਬਣਾਏ ਜਾਣ ਵਿੱਚ ਕਰੀਬ 455 ਕਰੋੜ ਦੀ ਧਾਂਦਲੀ ਬਾਰੇ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਵੀ ਕੇਸ ਦਰਜ ਕੀਤਾ ਹੈ। ਈ ਡੀ ਨੇ ਲਖਨਊ ਦੇ ਵਿਭੂਤੀਖੰਡ ਥਾਣੇ ਵਿੱਚ ਫਰਵਰੀ 2017 ਵਿੱਚ ਦਰਜ ਹੋਈ ਸ਼ਿਕਾਇਤ ਨੂੰ ਆਧਾਰ ਬਣਾਇਆ ਹੈ।

ਮਿਲੀ ਜਾਣਕਾਰੀ ਅਨੁਸਾਰ ਈ ਡੀ ਨੇ 14 ਬੈਂਕਾਂ ਤੋਂ ਉਨ੍ਹਾਂ ਚਾਰਟਰਡ ਅਕਾਊਂਟੈਂਟਸ ਤੇ ਨਿੱਜੀ ਇੰਜੀਨੀਅਰਾਂ ਦੀ ਜਾਣਕਾਰੀ ਮੰਗੀ ਹੈ, ਜਿਨ੍ਹਾਂ ਦੀ ਰਿਪੋਰਟ ਉੱਤੇ ਕਾਰਜਕਾਰੀ ਸੰਸਥਾ ਨੇ ਕਰਜ਼ਾ ਹਾਸਲ ਕੀਤਾ ਸੀ। ਈ ਡੀ ਦੀ ਜਾਂਚ ਵਿੱਚ ਕੰਪਨੀ ਸੰਚਾਲਕਾਂ ਸਮੇਤ ਚਾਰਟਰਡ ਅਕਾਊਂਟੈਂਟਸ, ਨਿੱਜੀ ਇੰਜੀਨੀਅਰਾਂ ਅਤੇ ਘਪਲੇ ਨਾਲ ਜੁੜੇ ਲੋਕਾਂ ਦੀਆਂ ਮੁਸ਼ਕਲਾਂ ਵਧਣਗੀਆਂ। ਵਰਨਣ ਯੋਗ ਹੈ ਕਿ ਯਮਨੋਤਰੀ ਹਾਈਵੇ ਕੇਸ ਦੀ ਜਾਂਚ ਤੋਂ ਸੀ ਬੀ ਆਈ ਦੇ ਨਾਂਹ ਕਰਨ ਦੇ ਬਾਅਦ ਸਰਕਾਰ ਬੀਤੇ ਦਿਨੀਂ ਪੂਰੇ ਕੇਸ ਦੀ ਜਾਂਚ ਐਸ ਆਈ ਟੀ ਨੂੰ ਸੌਂਪ ਦਿੱਤੀ ਹੈ, ਜਿਸ ਪਿੱਛੋਂ ਈ ਡੀ ਹਰਕਤ ਵਿੱਚ ਆਈ ਹੈ। ਯਮਨੋਤਰੀ ਹਾਈਵੇ ਘੋਟਾਲੇ ਵਿੱਚ ਉੱਤਰ ਪ੍ਰਦੇਸ਼ ਹਾਈਵੇ ਅਥਾਰਟੀ ਦੇ ਯੋਜਨਾ ਪ੍ਰਬੰਧਕ ਵੱਲੋਂ ਵਿਭੂਤੀਖੰਡ ਥਾਣੇ ਵਿੱਚ ਧੋਖਾਧੜੀ ਦਾ ਕੇਸ ਦਰਜ ਕਰਾਇਆ ਗਿਆ ਸੀ। ਪੁਲਸ ਨੇ 455 ਕਰੋੜ ਦੇ ਘੋਟਾਲੇ ਦੀ ਜਾਂਚ ਤੋਂ ਹੱਥ ਖੜੇ ਕਰ ਕੇ ਇਸ ਦੀ ਜਾਂਚ ਆਰਥਿਕ ਅਪਰਾਧ ਸ਼ਾਖਾ ਤੋਂ ਕਰਾਉਣ ਦੀ ਸਿਫਾਰਸ਼ ਕੀਤੀ ਸੀ। ਬਾਅਦ ਵਿੱਚ ਸਰਕਾਰ ਨੇ ਕੇਸ ਦੀ ਸੀ ਬੀ ਆਈ ਜਾਂਚ ਕਰਾਉਣ ਦੀ ਸਿਫਾਰਸ਼ ਕੀਤੀ, ਪ੍ਰੰਤੂ ਸੀ ਬੀ ਆਈ ਨੇ ਜਾਂਚ ਨਹੀਂ ਲਈ।

ਸਾਲ 2011 ਵਿੱਚ ਬਸਪਾ ਸਰਕਾਰ ਵਿੱਚ ਦਿੱਲੀ ਤੋਂ ਸਹਾਰਨਪੁਰ ਵੇਲੇ ਫੋਰ ਲੇਨ ਹਾਈਵੇ ਦਾ ਕੰਮ ਸ਼ੁਰੂ ਹੋਇਆ ਸੀ। ਇਹ ਪੱਛਮੀ ਉਤਰ ਪ੍ਰਦੇਸ਼ ਦੇ ਜ਼ਿਲ੍ਹਾ ਗਾਜ਼ੀਆਬਾਦ, ਸ਼ਾਮਲੀ, ਬਾਗਪਤ ਅਤੇ ਸਹਾਰਨਪੁਰ ਤੋਂ ਹੋ ਕੇ ਗੁਜ਼ਰਨਾ ਸੀ। ਪੂਰੇ ਕੇਸ ਵਿੱਚ ਬੈਂਕ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਭੂਮਿਕਾ ਵੀ ਸ਼ੱਕੀ ਹੈ। ਚਾਰਟਰਡ ਅਕਾਊਂਟੈਂਟਸ ਅਤੇ ਇੰਜੀਨੀਅਰਾਂ ਤੋਂ ਪੁੱਛਗਿੱਛ ਲਈ ਈ ਡੀ ਵੱਲੋਂ ਤਿਆਰੀ ਚੱਲ ਰਹੀ ਹੈ।

# ਅਧਿਐਨ ਮੁਤਾਬਿਕ ਫੇਕ ਨਿਊਜ਼ ਦੇ ਝਾਂਸੇ 'ਚ ਬਜ਼ੁਰਗ ਜ਼ਿਆਦਾ ਆ ਜਾਂਦੇ ਨੇ

ਨਿਊਯਾਰਕ, 10 ਜਨਵਰੀ (ਪੋਸਟ ਬਿਊਰੋ)- ਫੇਕ ਨਿਊਜ਼ ਯਾਨੀ ਝੂਠੀਆਂ ਖ਼ਬਰਾਂ ਅੱਜਕੱਲ੍ਹ ਪੂਰੀ ਦੁਨੀਆ ਵਿੱਚ ਚਰਚਾ ਦਾ ਵਿਸ਼ਾ ਬਣੀਆਂ ਹਨ। ਫੇਸਬੁੱਕ ਤੇ ਹੋਰ ਸੋਸ਼ਲ ਮੀਡੀਆ ਅਤੇ ਮੈਸੇਜਿੰਗ ਐਪ ਉੱਤੇ ਫੇਕ ਨਿਊਜ਼ ਸ਼ੇਅਰ ਕਰਨ ਦੇ ਮਾਮਲੇ ਸਾਹਮਣੇ ਆਉਂਦੇ ਰਹਿੰਦੇ ਹਨ। ਹਰ ਪਾਸੇ ਸ਼ੇਅਰ ਹੁੰਦੀਆਂ ਇਨ੍ਹਾਂ ਝੂਠੀਆਂ ਖ਼ਬਰਾਂ ਨੂੰ ਵੇਖ ਕੇ ਅਕਸਰ ਮਨ ਵਿੱਚ ਸਵਾਲ ਉੱਠਦਾ ਹੈ ਕਿ ਇਨ੍ਹਾਂ ਨੂੰ ਸ਼ੇਅਰ ਕਰਨ ਤੇ ਇਨ੍ਹਾਂ ਦੇ ਝਾਂਸੇ 'ਚ ਆਉਣ ਵਾਲੇ ਕੌਣ ਲੋਕ ਹਨ।

ਅਮਰੀਕਾ 'ਚ ਹੋਏ ਇਕ ਅਧਿਐਨ ਦੇ ਮੁਤਾਬਕ ਨੌਜਵਾਨਾਂ ਦੀ ਤੁਲਨਾ 'ਚ ਬਜ਼ੁਰਗ ਲੋਕ ਇਨ੍ਹਾਂ ਖ਼ਬਰਾਂ ਦੇ ਝਾਂਸੇ 'ਚ ਆ ਕੇ ਇਨ੍ਹਾਂ ਨੂੰ ਵੱਧ ਸ਼ੇਅਰ ਕਰਦੇ ਹਨ। ਅਮਰੀਕਾ ਦੀ ਨਿਊਯਾਰਕ ਯੂਨੀਵਰਸਿਟੀ ਤੇ ਪ੍ਰਿੰਸਟਨ ਯੂਨੀਵਰਸਿਟੀ ਦੇ ਖੋਜ ਕਰਤਾਵਾਂ ਨੇ ਅਧਿਐਨ ਵਿੱਚ ਪਾਇਆ ਕਿ ਅਮਰੀਕਾ 'ਚ 2016 'ਚ ਹੋਈ ਰਾਸ਼ਟਰਪਤੀ ਚੋਣ ਮੁਹਿੰਮ ਦੌਰਾਨ 8.5 ਫ਼ੀਸਦੀ ਅਮਰੀਕੀ ਨਾਗਰਿਕਾਂ ਨੇ ਫੇਸਬੁੱਕ 'ਤੇ ਫੇਕ ਨਿਊਜ਼ ਦੇ ਲਿੰਕ ਸ਼ੇਅਰ ਕੀਤੇ ਸਨ। ਏਦਾਂ ਦੀਆਂ ਖ਼ਬਰਾਂ ਨੂੰ ਸ਼ੇਅਰ ਕਰਨ ਵਾਲਿਆਂ 'ਚ ਉਮਰ




ਦਾ ਵੱਡਾ ਫਰਕ ਵੇਖਿਆ ਗਿਆ। ਇਸ ਮੁਤਾਬਕ 18 ਤੋਂ 29 ਸਾਲ ਦੀ ਉਮਰ ਦੇ ਨੌਜਵਾਨਾਂ 'ਚ ਸਿਰਫ਼ ਤਿੰਨ ਫ਼ੀਸਦੀ ਨੇ ਅਜਿਹੀਆਂ ਖ਼ਬਰਾਂ ਨੂੰ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਸਾਂਝਾ ਕੀਤਾ, 65 ਸਾਲ ਤੋਂ ਵੱਧ ਦੀ ਉਮਰ ਦੇ 11 ਫ਼ੀਸਦੀ ਲੋਕਾਂ ਨੇ ਸ਼ੇਅਰ ਕੀਤਾ। ਅਧਿਐਨ 'ਚ ਸਭ ਤੋਂ ਅਹਿਮ ਗੱਲ ਇਹ ਨਿਕਲੀ ਕਿ ਫੇਕ ਨਿਊਜ਼ ਤੋਂ ਪ੍ਰਭਾਵਤ ਹੋ ਕੇ ਉਨ੍ਹਾਂ ਨੂੰ ਸਾਂਝਾ ਕਰਨ ਵਾਲਿਆਂ 'ਤੇ ਕਿਸੇ ਸੋਚ ਵੱਲ ਝੁਕਾਅ ਦੀਆਂ ਗੱਲਾਂ ਦਾ ਕੋਈ ਅਸਰ ਨਹੀਂ। ਉਮਰ ਤੋਂ ਇਲਾਵਾ ਉਨ੍ਹਾਂ 'ਚ ਅਜਿਹਾ ਕੋਈ ਕਾਰਨ ਨਹੀਂ ਮਿਲਿਆ, ਜਿਸ ਦੇ ਆਧਾਰ ਉੱਤੇ ਵਰਗੀਕਰਨ ਕਰਨਾ ਸੰਭਵ ਹੋਵੇ। ਸਿੱਖਿਆ ਦੇ ਪੱਧਰ, ਆਮਦਨ ਤੇ ਲਿੰਗ ਦੇ ਆਧਾਰ 'ਤੇ ਵੀ ਅਜਿਹਾ ਕੋਈ ਗਰੁੱਪ ਤੈਅ ਨਹੀਂ ਕੀਤਾ ਜਾ ਸਕਦਾ।

ਇਸ ਅਧਿਐਨ ਦੇ ਮੁਤਾਬਕ ਅਮਰੀਕਾ ਵਿੱਚ ਰਾਸ਼ਟਰਪਤੀ ਡੋਨ-ਾਲਡ ਟਰੰਪ ਦੀ ਰਿਪਬਲਿਕਨ ਪਾਰਟੀ ਦੇ ਪੱਖ ਵਾਲੇ ਲੋਕਾਂ ਨੇ ਡੈਮੋਕ੍ਰੇਟਸ ਦੇ ਮੁਕਾਬਲੇ ਜ਼ਿਆਦਾ ਫੇਕ ਨਿਊਜ਼ ਸਾਂਝੀਆਂ ਕੀਤੀਆਂ। ਅਧਿਐਨ ਕਰਤਾ ਇਸ ਨੂੰ ਨਤੀਜਾ ਨਹੀਂ ਮੰਨਦੇ। ਉਨ੍ਹਾਂ ਦਾ ਕਹਿਣਾ ਹੈ ਕਿ 2016 ਦੀਆਂ ਰਾਸ਼ਟਰਪਤੀ ਚੋਣਾਂ ਦੌਰਾਨ ਰਿਪ-ਬਲਿਕਨ ਉਮੀਦਵਾਰ ਡੋਨਾਲਡ ਟਰੰਪ ਦੇ ਪੱਖ ਵਿੱਚ ਅਤੇ ਡੈਮੋਕਰੇਟ ਉਮੀਦਵਾਰ ਹਿਲੇਰੀ ਕਿਲੰਟਨ ਦੇ ਵਿਰੁੱਧ ਹਵਾ ਚੱਲ ਰਹੀ ਸੀ। ਸੁਭਾਵਕ ਤੌਰ 'ਤੇ ਇਸ ਤਰ੍ਹਾਂ ਦੀ ਫੇਕ ਨਿਊਜ਼ ਨੇ ਲੋਕਾਂ ਨੂੰ ਜ਼ਿਆਦਾ ਪ੍ਰਭਾਵਤ ਕੀਤਾ ਤੇ ਰਿਪਬਲਿਕਨ ਸਮਰਥਕ ਜ਼ਿਆਦਾ ਝਾਂਸੇ 'ਚ ਆਏ।

ਖੋਜ ਕਰਤਿਆਂ ਦਾ ਕਹਿਣਾ ਹੈ ਕਿ ਅਧਿਐਨ ਦੇ ਨਤੀਜੇ ਸਮਝਣਾ ਬਹੁਤ ਅਹਿਮ ਹੈ ਕਿ ਬਜ਼ੁਰਗ ਲੋਕ ਫੇਕ ਨਿਊਜ਼ ਦੇ ਝਾਂਸੇ 'ਚ ਵੱਧ ਆਉਂਦੇ ਹਨ। ਨਤੀਜੇ ਤੋਂ ਸਾਫ ਹੈ ਕਿ ਡਿਜੀਟਲ ਤੌਰ 'ਤੇ ਘੱਟ ਸਾਖਰ ਹੋਣਾ ਅਜਿਹੀਆਂ ਖ਼ਬਰਾਂ ਦੇ ਝਾਂਸੇ 'ਚ ਆਉਣ ਦੀ ਵੱਡੀ ਵਜ੍ਹਾ ਹੈ। ਲੋਕਾਂ ਨੂੰ ਜਾਗਰੂਕ ਕਰਦਿਆਂ ਇਸ ਨਾਲ ਨਜਿੱਠਣ 'ਚ ਮਦਦ ਮਿਲ ਸਕਦੀ ਹੈ।

# ਰਾਜਸਥਾਨ 'ਚ ਸਵਾਈਨ ਫਲੂ ਨਾਲ ਮੌਤਾਂ ਦੀ ਗਿਣਤੀ 19 ਹੋਈ

ਜੈਪੁਰ, 10 ਜਨਵਰੀ (ਪੋਸਟ ਬਿਊਰੋ)- ਰਾਜਸਥਾਨ ਵਿੱਚ ਬੀਤੇ 10 ਦਿਨ 'ਚ ਸਵਾਈਨ ਫਲੂ ਨਾਲ ਮਰਨ ਵਾਲਿਆਂ ਦੀ ਗਿਣਤੀ ਵਧ ਕੇ 19 ਹੋ ਗਈ ਹੈ। ਓਥੋਂ ਦੇ ਸਿਹਤ ਵਿਭਾਗ ਦੇ ਅੰਕੜਿਆਂ ਅਨੁਸਾਰ ਇਸ 1 ਜਨਵਰੀ ਤੋਂ 10 ਜਨਵਰੀ ਤਕ ਰਾਜ ਵਿੱਚ 2,010 ਮਰੀਜ਼ਾਂ ਦੀ ਸਵਾਈਨ ਫਲੂ ਦੀ ਜਾਂਚ ਵਿੱਚ 507 ਮਰੀਜ਼ਾਂ 'ਚ ਇਸ ਦੀ ਪੁਸ਼ਟੀ ਹੋਈ। ਇਨ੍ਹਾਂ ਵਿੱਚੋਂ 19 ਮਰੀਜ਼ਾਂ ਦੀ ਇਸ ਬਿਮਾਰੀ ਕਾਰਨ ਮੌਤ ਹੋ ਗਈ ਤੇ ਇਸ ਰਾਜ ਵਿੱਚ 350 ਮਰੀਜ਼ਾਂ ਦੀ ਸਵਾਈਨ ਫਲੂ ਜਾਂਚ 'ਚ 78 ਮਰੀਜ਼ਾਂ ਵਿੱਚ ਇਸ ਦੀ ਪੁਸ਼ਟੀ ਹੋਈ ਹੈ।

ਮਿਲ ਸਕੇ ਅੰਕੜਿਆਂ ਮੁਤਾਬਕ ਜੋਧਪੁਰ 'ਚ ਸਵਾਈਨ ਫਲੂ ਨਾਲ ਪੀੜਤ 9 ਮਰੀਜ਼ਾਂ, ਨਾਗੌਰ, ਸੀਕਰ, ਕੋਟਾ 'ਚ 2-2 ਮਰੀਜ਼ਾਂ ਅਤੇ ਅਜਮੇਰ, ਟੌਂਕ, ਜਾਲੌਰ ਅਤੇ ਰਾਜਸਮੰਦ ਵਿੱਚ ਇਕ-ਇਕ ਮਰੀਜ਼ ਦੀ ਮੌਤ ਹੋਈ ਹੈ। ਇਸ ਰਾਜ ਦੇ ਸਿਹਤ ਮੰਤਰੀ ਡਾ. ਰਘੂ ਸ਼ਰਮਾ ਨੇ ਦੱਸਿਆ ਕਿ ਰੋਗੀ ਨੂੰ ਤੁਰੰਤ ਇਲਾਜ ਦੇਣ ਲਈ



ਹਸਪਤਾਲਾਂ ਵਿੱਚ ਦਵਾਈ ਦੀ ਪੂਰੀ ਵਿਵਸਥਾ ਕੀਤੀ ਗਈ ਹੈ ਤੇ ਮੈਡੀਕਲ ਤੇ ਪੈਰਾ ਮੈਡੀਕਲ ਸਟਾਫ ਦੀ ਛੁੱਟੀ ਰੱਦ ਕਰ ਦਿੱਤੀ ਗਈ ਹੈ। ਇਸ ਤੋਂ ਇਲਾਵਾ ਪ੍ਰਭਾਵਿਤ ਖੇਤਰਾਂ 'ਚ ਟੀਮਾਂ ਲਗਾਤਾਰ ਘੁੰਮ ਰਹੀਆਂ ਹਨ। ਸ਼ਰਮਾ ਨੇ ਜੈਪੁਰ ਦੇ ਸਵਾਈ ਮਾਨਸਿੰਘ ਹਸਪਤਾਲ ਦੇ ਟ੍ਰਾਮਾ ਸੈਂਟਰ ਦਾ ਦੌਰਾ ਕਰਨ ਪਿੱਛੋਂ ਕਿਹਾ ਕਿ ਜੇ ਸਮਾਂ ਰਹਿੰਦਿਆਂ ਡਾਕਟਰੀ ਸਲਾਹ ਲਈ ਜਾਵੇ ਤਾਂ ਇਹ ਰੋਗ ਗੰਭੀਰ ਨਹੀਂ ਹੈ। ਉਨ੍ਹਾਂ ਕਿਹਾ ਕਿ ਆਮ ਲੋਕਾਂ ਨੂੰ ਇਸ ਬਿਮਾਰੀ ਤੋਂ ਜਾਣੂ ਕਰਵਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਤਾਂ ਕਿ ਬਿਮਾਰੀ ਵਧਣ ਤੋਂ ਪਹਿਲਾਂ ਹੀ ਇਸ ਦਾ ਇਲਾਜ ਕਰਵਾਇਆ ਜਾ

# ਮੋਟਰ ਸਾਈਕਲ 'ਚੋਂ ਪੈਟਰੋਲ ਕੱਢਣ ਬਦਲੇ ਕੁੱਟਣ ਨਾਲ ਇਕ ਦੀ ਮੌਤ

ਮਾਲੇਰਕੋਟਲਾ, 10 ਜਨਵਰੀ (ਪੋਸਟ ਬਿਊਰੋ)- ਇਸ ਨਗਰ ਦੀ ਛੋਟੀ ਈਦਗਾਹ ਰੋਡ 'ਤੇ ਮੋਟਰ ਸਾਈਕਲ 'ਚੋਂ ਪੈਟਰੋਲ ਕੱਢਣ ਦੇ ਝਗੜੇ ਵਿੱਚ ਇਕ ਵਿਅਕਤੀ ਦੀ ਕੁੱਟਮਾਰ ਕੀਤੇ ਜਾਣ ਨਾਲ ਉਸ ਦੀ ਮੌਤ ਹੋ ਗਈ। ਉਸ ਦੀ ਪਛਾਣ ਮੁਹੰਮਦ ਸਲੀਮ ਉਰਫ ਕਾਲਾ ਵਜੋਂ ਹੋਈ ਹੈ। ਪੁਲਸ ਨੇ ਚਾਰ ਜਣਿਆਂ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ। ਮ੍ਰਿਤਕ ਦੇ ਭਤੀਜੇ ਮੁਹੰਮਦ ਫਿਰੋਜ਼ ਨੇ ਪੁਲਸ ਨੂੰ ਬਿਆਨ ਦਿੱਤੇ ਹਨ ਕਿ ਉਨ੍ਹਾਂ ਦੇ ਘਰ ਨੇੜੇ ਕਿਰਾਏ 'ਤੇ ਰਹਿੰਦੇ ਧਰਮਿੰਦਰ ਸਿੰਘ ਉਰਫ ਫੌਜੀ ਅਤੇ ਉਸ ਦੀ ਪਤਨੀ ਸੋਨੀ ਨੇ ਰਾਤ ਕਰੀਬ 9 ਵਜੇ ਉਨ੍ਹਾਂ ਦੇ ਘਰ ਆ ਕੇ ਉਸ ਦੇ ਚਾਚੇ ਮੁਹੰਮਦ ਸਲੀਮ ਉਰਫ ਕਾਲੇ ਨੂੰ ਉਲਾਂਭਾ ਦਿੱਤਾ ਕਿ ਉਨ੍ਹਾਂ ਦੇ ਬੱਚਿਆਂ ਨੇ ਉਨ੍ਹਾਂ ਦੇ ਮੋਟਰ ਸਾਈਕਲ 'ਚੋਂ ਪੈਟਰੋਲ ਕੱਢ ਲਿਆ ਹੈ। ਇਸ ਤੋਂ ਬਾਅਦ ਧਰਮਿੰਦਰ ਸਿੰਘ ਉਰਫ ਫੌਜੀ, ਉਸ ਦੀ ਪਤਨੀ ਸੋਨੀ ਨੇ ਮੁਹੰਮਦ ਸਲੀਮ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ, ਜਿਸ ਕਾਰਨ ਉਹ ਬੇਹੋਸ਼ ਹੋ ਕੇ ਜ਼ਮੀਨ 'ਤੇ ਡਿੱਗ ਪਿਆ। ਉਸ ਨੇ ਮੁਹੰਮਦ ਸਲੀਮ ਨੂੰ ਸਿਵਲ ਹਸਪਤਾਲ ਦਾਖਲ ਕਰਵਾਇਆ, ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ।




Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2'', MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5'', ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

ਜੱਟ ਸਿੱਖ ਗਿੱਲ ਲੜਕਾ, ਉਮਰ 31 ਸਾਲ, ਕੱਦ 5'6'', ਪਿਛਲੇ 10 ਸਾਲਾਂ ਤੋਂ ਦੁਬਾਈ ਵਿੱਚ ਟੱਰਕ ਚਲਾ ਰਿਹ ਲੜਕੇ ਲਈ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 00918699923074 । 00971559436629(WhatsApp)

ਜੱਟ ਸਿੱਖ ਸੰਘਾ, ਇਕਲੋਤਾ ਲੜਕਾ, ਵੈਸ਼ਨੂੰ , ਉਮਰ 24 ਸਾਲ, ਕੱਦ 5'-7'', ਰੰਗ ਗੋਰਾ, B.sc Computer Science, 30 Acre ਜ਼ਮੀਨ, **District** ਮੋਗਾ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ।
ਸੰਪਰਕ ਕਰੋ :- 647-631-9445 ਕੈਪਟਨ ਇਕਬਾਲ ਸਿੰਘ ਵਿਰਕ

Jat Sikh Boy, 23, 6'3", vegetarian, student in Canada. Canadian PR or Citizen preferred.
For more details kindly contact 216-556-2080.

ਜੱਟ ਸਿੱਖ ਲੜਕਾ ਉਮਰ 31 ਸਾਲ, ਗੋਤ ਗਿੱਲ, ਲੰਬਾਈ 5 ਫੁੱਟ 6 ਇੰਚ, ਜੋ ਕਿ ਦੁਬਈ ਵਿਚ ਪਿਛਲੇ ਦਸ ਸਾਲਾਂ ਤੋ ਟਰੱਕ ਚਲਾ ਰਿਹਾ ਹੈ, ਲਈ ਲੜਕੀ ਦੀ ਲੋੜ ਹੈ। ਸੰਪਰਕ- ਮੋਬਾ:00918699923074, ਵਟਸਐਪ-00971559436629

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਉਮਰ 26 ਸਾਲ, ਕੱਦ 5'-10'', Computer ਡਿਪਲੋਮਾ, ਵੀਜ਼ਿਟਰ ਵੀਜ਼ੇ ਤੇ ਆਏ ਲੜਕੇ ਲਈ P.R ਜਾਂ citizen ਲੜਕੀ ਦੀ ਲੋੜ ਹੈ। ਲੜਕੇ ਦੀਆਂ ਭੈਣਾ ਕੈਨੇਡਾ ਵਿੱਚ ਸੈਟਲਡ ਹਨ। ਮਾਂ ਪਿਉ Super Visa ਤੇ ਹਨ। ਕਿਰਪਾ ਕਰਕੇ ਸੰਪਰਕ ਕਰੋ- 647-721-4039

ਸਿੱਖ ਲੜਕਾ (TULI, KHATRI), ਉਮਰ 24 ਸਾਲ, ਕੱਦ 5'5, ਅੰਮ੍ਰਿਤਧਾਰੀ, ਪਟਿਆਲਾ, IELTS 6 Band, Diploma ITI Plumbing one year course, CTI Plumbing, Well Known business man's Son ਲਈ ਕੈਨੇਡੀਅਨ PR/Citizen ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-762-5375 । 905-455-8152

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11'', ਨਸ਼ਿਆਂ ਤੋ ਦੂਰ, ਬੀ.ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਉਮਰ 28 ਸਾਲ, ਕੱਦ 5'9'', ਚੰਗੀ ਜੋਬ ਲਈ ਕੈਨੇਡੀਅਨ ਇੰਮੀਗਰੇਂਟ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-524-6505

ਧਾਲੀਵਾਲ ਜੱਟ ਸਿੱਖ ਲੜਕਾ, ਵਿਜ਼ਟਰ ਵੀਜ਼ਾ, 27 ਸਾਲ, ਲਈ ਲੜਕੀ ਦੀ ਲੋੜ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ- 647-237-5343, 647-688-4149

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10'', ਸੇਲਫ ਇੰਪੋਯਡ, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੌਰ ਕੀਤੀ ਜਾ ਸਕਦੀ ਹੈ
ਵਧੇਰੀ ਕਾਣਕਾਰੀ ਲਈ ਸੰਪਰਕ ਕਰੋ :
91-9888871813 । 306-612-4093
ਜਾਂ ਇ ਮੇਲ ਕਰੋ: kaurindergrewal@gmail.com

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

## ਲੜਕੇ ਦੀ ਲੋੜ

ਜੱਟ ਸਿੱਖ ਲੱੜਕੀ, ਉਮਰ 29 ਸਾਲ, ਕੱਦ 5'-2'', M.A Med, ਕੈਨੇਡਾ ਨੈਨੀ ਬੇਸ ਤੇ ਆਈ ਹੋਈ ਲੜਕੀ ਲਈ ਲੜਕੇ ਦੀ ਲੋੜ ਹੈ।
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
416-879-0439 । 289-801-4533
ਜਾਂ ਇ ਮੇਲ ਕਰੋ: lakhwinderdhindsa@yahoo.com

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ **PR** ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Looking for a Gursikh Boy Settled in Canada/US for Widowed girl (With a Son aged 6 Yrs), November 1981 born, Height 5'2"having a PR and permanent Job in Canada. Elder sister settled in USA. Contact +1 510-634-8364 (US), +91 9871991724 (WhatsApp/Call)

Tonk Kshatriya parents seeking a suitable match for their Canadian born girl, 34 yrs old, 5'3" tall, educated in accounting. The boy should be hindu punjabi, attractive, athletic, vegetarian, educated. Plz send biodata with recent pictures.
E -mail: matri.response2018@gmail. com

Looking for Canadian Smart match for Ramdasia girl in India, BDS 5-4 November 1990 born.working as lecturer in pvt dental college.father class 1 officer,mother govt job, grand father retired captain from army. Contact +91 9646609228, +91 7973001402.

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੜਕੀ ਉਮਰ 28 ਸਾਲ, ਕੱਦ 5'4'', B.SC Nursing, Diploma, ਕੈਨੇਡਾ Express Entry ਰਾਹੀ PR ਅਪਲਾਈ ਲਈ pr ਜਾਂ Work permit ਤੇ ਪੜੇ-ਲਿਖੇ ਲੜਕੇ ਦੀ ਲੋੜ ਹੈ। ਲੁਧਿਆਣਾ ਜਿਲ੍ਹੇ ਨੂੰ ਪਹਿਲ।
ਸੰਪਰਕ ਕਰੋ: 647-616-4244, 647-328-1601 ਜਾਂ
Whatsapp- 700-90-60-269


Beautiful Sikh Tonk Kshatriya Girl (M. Pharma) Dec 1988 5'4" working as Asst. Professor belongs to educated family from Amritsar seeks suitable match and well settled Sikh boy in Canada. Parents are in Canada on visitor visa.
Contact 647-624-7733 gpspreet@gmail.com

**City Translogistics Co.**
ਨੂੰ ਡਰਾਈਵਰਾਂ ਦੀ ਲੋੜ ਹੈ



— City ਲਈ $22/hour
— Single Driver 80 cents/mile
— Minimum 1 year Experience US/Canada
— USA ਵਿੱਚ Pennsylvania, Maryland ਲਈ ਵਧੀਆ ਤਨਖਾਹ, ਵਧੀਆ ਮਾਹੌਲ।
ਜਿਆਦਾ ਜਾਣਕਾਰੀ ਲਈ: 647-632-1742

ਨੈਨੀ ਦੀ ਲੋੜ ਹੈ!



Punjabi Speaking - Take Care of a 3Yr Old
Responsibilities Include Cleaning & Cooking
8hrs/day (Mon - Fri)
647.449.0033 | 416.823.2556

**Wanted Office Clerk & Office Administrator**
- Fluent in English & Hindi are essential
- Good communication skills
- Good computer skills
- Willing to work in a fast paced work environment.

Please Email Resume at: molly@jfgroup.ca

**Cell n Tell Distribution Inc.**
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

**STARLANE PAINTING**
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



416.230.4000 • 647.409.1092
www.STARLANEPAINTING.com
ਹਰਜੀਤ ਘਨੋਆ

# Trump 's behavior and thinking does not fit into the modern society

By: Surjit Singh Flora



Since Trump Took Office as a President of the United States, powerful nations have always been embroiled on some issues. But now the urge to build a wall on Mexico's border to prevent the arrival of illegal immigrants has loomed over the entire United States. For the last 3 weeks , shutdown has been completely stopped in order to fulfill this insinuation.

With this stubborn decision of the President, all the financial business of the government employees and those associated with them has already collapsed. Democrats are dominant in the US Congress Democrats are not in favor of spending enormous money on Mexico's wall Because of this, they are not accepting the proposal for money being sought for the construction of the Mexico wall. President has stopped government transactions from last 3 weeks to bow down to the Democrats.

Trump's thinking and behavior is against the big odd-poised US democratic principles. Trump should not forget that it is a United state holds world power and the global Trade Agreements.

In the days of modern and world brotherhood, the walls are not a solution to any issue. Why is the country, which is cutting the mountains with bombardment in Afghanistan, Iraq and many other countries, feeling so much lack of intellectuality that it is no longer possible without walls? Indeed, the whole world believes in the security of American security and intelligence, there is no scope for such situations that the US has to build the walls to stop heroin smuggling and illegal migration by abandoning trust with the latest cameras, security devices. Indeed, Trump's thinking is so backward .Trump needs to change his behavior and thinking to fit in the new modern society.

Trump is trying to run America as a business company and this is the illusion. There is a big difference between the country and the company. Trump's portrayal of dictatorship in the behavior of the United States, where America has abolished slavery practices, it is difficult to raise originalism. Trump's decision is not only economic but also socially and culturally difficult for America. In countries such as South Korea and North Korea, the wall of hatred is breaking down, then why is the US ignoring the world community? If Trump's behavior has remained the same, then the Americans will not leave any stone unturned to make this term as his last term.

A real estate company says the employee does $ 249 million mortgage payments each month. With the breakdown of the talks between Democrats and Trump, the restrictions imposed by the Trump are not visible now.

This shut down has started to cause American pain. Typically, those who work in the federal government, they are badly affected one or the other.

Wall Street economists say the long-standing restrictions are affecting the US economy and there are concerns about the country's economic growth. Due to the long-standing shutdown, the uncertainty is spreading both within and outside the federal government.

The Securities and Exchange Commission has very few employees, who are available to work in an emergency. Transportation and air traffic at the airports have also been working without salaries since the first day of the shutdown. The impact of the shutdown on the whole of the country has started to affect the other.

To be looked at in the past history, it has always been the fact that the Republican President has been spoiling America's situation, while the Democrats have been reinstated in the state of presidency. This happened in the Bush era, and Obama had put the United States back on its feet in two terms. That's what is happening now. Republican president Donald Trump has been making controversial policies since the first day. He has not taken any decision or policy till date, which has not been debated. The current policy of stopping long-term government transactions will prove to be disastrous for the United States. Due to the democrats' absence, it seems that there is little hope for the near future shutdown to be removed.

This conflict between Trump and Democrats is shocking to America's economic and administrative structure. Trump has threatened to impose an emergency in the country to fulfill its stance. With the President announcing an emergency, all powers come in hand. If Trump Announces Emergency, then it will be very unfortunate, and its outcome can be exposed to the United States.

Surjit Singh Flora is a veteran journalist and freelance writer based in Brampton.

## -ਲੋਹੜੀ

ਰਵਿੰਦਰ ਸਿੰਘ ਲਾਲਪੁਰੀ
ਨੂਰਪੁਰ ਬੇਦੀ (ਰੋਪੜ)
ਸੰਪਰਕ-94634-52261

ਵੰਡੋ ਪਿਆਰ ਦੀ ਮੂੰਗਫਲੀ,
ਅਪਣੱਤ ਦੀਆਂ ਰੀਉੜੀਆਂ,
ਮੋਹ ਅਹਿਸਾਸ ਦੀਆਂ ਗੱਚਕਾਂ,
ਲਾਹ ਦਿਓ ਮੱਥੇ ਦੀਆਂ ਤਿਉੜੀਆਂ,
ਪੰਨੇ ਆਕੜਾਂ ਦੇ ਸਭ ਫਾੜ ਦਿਓ ,
ਲੋਹੜੀ ਦੀ ਅੱਗ ਵਿਚ ਸਭ ਨਫ਼ਰਤਾਂ ਨੂੰ ਸਾੜ ਦਿਓ ।

ਧੀਆਂ ਦੀ ਵੀ ਖੁਸ਼ੀ ਮਨਾਓ ,
ਇਹਨਾ ਦੀ ਵੀ ਲੋਹੜੀ ਪਾਓ,
ਧੀਆਂ ਪੁੱਤਰਾਂ ਵਿਚ ਫ਼ਰਕ ਨਾ ਕੋਈ,
ਕਥਨ ਇਹ ਵੀ ਸੱਚ ਕਰ ਦਿਖਲਾਓ
ਕੁੜੀ ਮੁੰਡੇ ਵਿਚ ਫ਼ਰਕ ਦਾ ਕੀੜਾ ਮਨੋਂ ਵਿਸਾਰ ਦਿਓ ,
ਲੋਹੜੀ ਦੀ ਅੱਗ ਵਿਚ ਸਭ ਨਫ਼ਰਤਾਂ ਸਾੜ ਦਿਓ ।

ਭਾਈਚਾਰੇ ਦੇ ਗੀਤ ਗਾਓ ,
ਰੁੱਸਿਆਂ ਨੂੰ ਪਿਆਰ ਨਾਲ ਮਨਾਓ ,
ਦੁੱਲੇ ਭੱਟੀ ,ਸੁੰਦਰ-ਮੁੰਦਰੀਆਂ ਗੁਣਗੁਣਾਓ ,
ਖੁਸ਼ੀ ਵੰਡੋ ਖੁਸ਼ੀ ਕਮਾਓ ,
ਸਭ ਰੰਜਸ਼ਾਂ ਨੂੰ ਸੂਲੀ ਚਾੜ ਦਿਓ ,
ਲੋਹੜੀ ਦੀ ਅੱਗ ਵਿਚ ਸਭ ਨਫ਼ਰਤਾਂ ਨੂੰ ਸਾੜ ਦਿਓ ।

ਰਲ-ਮਿਲ ਰਹੋ ਸਭ ਏਕਾ ਰੱਖੋ,
ਦੁੱਖ ਸੁੱਖ ਸਭ ਮਿਲ ਕੇ ਚਖੋ,
ਰਿਸ਼ਤਿਆਂ ਵਿਚੋਂ ਨਾ ਮੁਨਾਫਾ ਤੱਕੋ,
ਲਾਲਪੁਰੀ ਚੁਗਲੀ ਨਿੰਦਿਆਂ ਤੋਂ ਬਚੋ ,
ਬਣਦੇ ਤੇਜ਼ ਤਰਾਰ ਨੇ ਜਿਹੜੇ ਜਰਾ ਤਾੜ ਦਿਓ ,
ਲੋਹੜੀ ਦੀ ਅੱਗ ਵਿਚ ਸਭ ਨਫ਼ਰਤਾਂ ਨੂੰ ਸਾੜ ਦਿਓ ,
ਲੋਹੜੀ ਦੀ ਅੱਗ ਵਿਚ ਸਭ ਰੰਜਸ਼ਾਂ ਸਾੜ ਦਿਓ ।

## ਭਗਤ ਨਾਮਦੇਵ ਜੀ ਦਾ ਜੋਤੀ-ਜੋਤ ਦਿਵਸ 20 ਨੂੰ

(ਹਰਜੀਤ ਬੇਦੀ): ਭਗਤ ਨਾਮਦੇਵ ਇੰਟਰਨੈਸ਼ਨਲ ਆਰਗੇਨਾਈਜੇਸ਼ਨ ਵਲੋਂ ਸ਼੍ਰੋਮਣੀ ਭਗਤ ਨਾਮਦੇਵ ਜੀ ਦਾ ਜੋਤੀ-ਜੋਤ ਦਿਵਸ 20 ਜਨਵਰੀ 2019 ਦਿਨ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ। ਨਵਦੀਪ ਸਿੰਘ ਟਿਵਾਣਾ ਅਤੇ ਭੁਪਿੰਦਰ ਸਿੰਘ ਰਤਨ ਵਲੋਂ ਦਿੱਤੀ ਸੂਚਨਾ ਮੁਤਾਬਕ ਇਹ ਪ੍ਰੋਗਰਾਮ ਗੁਰ-ਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਲਟਨ ਵਿਖੇ ਸਵੇਰੇ 10:00 ਵਜੇ ਤੋਂ 12:00 ਵਜੇ ਤੱਕ ਹੋਵੇਗਾ।

ਪਰਬੰਧਕਾਂ ਵਲੋਂ ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਭਗਤ ਨਾਮਦੇਵ ਜੀ ਦੇ 669ਵੇਂ ਜੋਤੀ-ਜੋਤ ਦਿਹਾੜੇ ਨੂੰ ਸਮਰਪਿਤ ਇਸ ਪ੍ਰੋਗਰਾਮ ਵਿੱਚ ਪਰਿਵਾਰਾਂ ਸਮੇਤ ਦਰਸ਼ਨ ਦੇਣ ਦੀ ਕਿਰਪਾਲਤਾ ਕੀਤੀ ਜਾਵੇ। ਪਰੋਗਰਾਮ ਦੌਰਾਨ ਸੇਵਾ ਕਰਨ, ਕਿਸੇ ਵੀ ਤਰ੍ਹਾਂ ਦੀ ਡਿਊਟੀ ਕਰਨ ਜਾਂ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਨਵਦੀਪ ਸਿੰਘ ਟਿਵਾਣਾ 416-823-9472 ਜਾਂ ਭੁਪਿੰਦਰ ਸਿੰਘ ਰਤਨ 647-704-1455 ਤੇ ਸੰਪਰਕ ਕੀਤਾ ਜਾ ਸਕਦਾ ਹੈ।

Get the right INSURANCE for you!
AUTO | HOME | BUSINESS
Life Insurance, Critical Illness, Disability, Super Visa Insurance, Travel & Visitor Insurance, Investments
Damanjit S. Kainth (KD) 416.554.1869 damanjit@hotmail.com

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

ਸਸਤੀਆਂ ਹਵਾਈ ਟਿਕਟਾਂ
RC Tours Specially Designed to Save Money in Travel
Special Flights to India and Pakistan
Special Packages to cuba, mexico
Online visa application (India)
Cruise Booking Travel insurance
Manjit Batra
manjit.rctours@gmail.com | www.rctours.ca
647.766.3929/647.490.4650
3459 Sheppard Ave. East, Suite 207 Scarborough

PUNJABI RANG RADIO
CHKT 1430AM
11pm to 12am
Every Friday
Chamkaur Singh
Producer/ Host
Cell: 416 662 1313
Email: punjabirang13@hotmail.com

RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

HOMELIFE SILVERCITY
Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

amar
HIRING DRIVERS
for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

A/Z DRIVERS/OWNER OPERATORS NEEDED FOR LOCAL & USA
Earn upto $21 to $32/hr
• USA owner operators 0.95 cent/mile + Fuel
• USA company drivers 0.60 cent/ mile
• Canada owner Operators 0.85 cent/mile + Fuel
• Canada company Drivers 0.50 cent.mile
Skylark Logistics Inc.
Sam Mann: 416-617-2405
Mr. Kyla: 519-821-7999 ext.222

A/Z ਡਰਾਈਵਰ ਅਤੇ ਉਨਰ ਅਪਰੇਟਰਾਂ ਦੀ ਲੋੜ
CAN TRUCK ਨੂੰ ਟੋਰਾਂਟੋ ਤੋਂ ਮੋਨਟ੍ਰੀਅਲ, ਵਿਨੀਪੈਗ, ਕੈਲਗਰੀ, ਵੈਨਕੂਵਰ ਅਤੇ ਟੋਰਾਂਟੋ ਤੋਂ USA, Michigan ਲਈ A/Z ਡਰਾਈਵਰਾਂ ਅਤੇ ਉਨਰ ਅਪਰੇਟਰਾਂ ਦੀ ਲੋੜ ਹੈ।
ਸਿਟੀ ਡਰਾਈਵਰ ਦੀ ਵੀ ਤੁਰੰਤ ਲੋੜ ਹੈ
- Everyday dedicated run
Single driver : 600-2000 miles
Team driver : 5500miles/weel for USA
- Yard to Yard work
- Per miles : $1.45
- Driver Rate : 48 cents
Call Jagtar Raman : (647) 292-5757
(905) 595-0408

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarborough (Toronto)
647-929-7736
Web: www.gf1security.com

# ਖੁਦ ਨੂੰ ਪਰੂਵ ਕਰਨਾ ਹੈ : ਯਾਮੀ ਗੌਤਮ



ਯਾਮੀ ਗੌਤਮ ਨੇ ਆਪਣੇ ਅੱਜ ਤੱਕ ਦੇ ਕਰੀਅਰ ਵਿੱਚ ਕਈ ਤਰ੍ਹਾਂ ਦੇ ਰੋਲ ਕੀਤੇ ਹਨ, ਗੱਲ 'ਕਾਬਿਲ' ਦੀ ਹੋਵੇ ਜਾਂ 'ਸਰਕਾਰ 3' ਦੀ। ਇਸ ਤੋਂ ਇਲਾਵਾ ਉਹ ਕਈ ਤੇਲਗੂ, ਤਮਿਲ, ਕੰਨੜ, ਮਲਿਆਲਮ ਤੇ ਪੰਜਾਬੀ ਫਿਲਮਾਂ ਦੇ ਨਾਲ 'ਐਕਸ਼ਨ ਜੈਕਸਨ', 'ਬਦਲਾਪੁਰ', 'ਸਨਮ ਰੇ' ਵਰਗੀਆਂ ਫਿਲਮਾਂ ਵਿੱਚ ਕੰਮ ਕਰ ਚੁੱਕੀ ਹੈ। ਉਸ ਦੀ ਖਾਸੀਅਤ ਹੈ ਕਿ ਉਸ ਨੇ ਹਮੇਸ਼ਾ ਆਪਣੇ ਰੋਲ ਨੂੰ ਚੰਗੀ ਤਰ੍ਹਾਂ ਸਮਝਿਆ ਅਤੇ ਇਸ ਨੂੰ ਆਪਣਾ ਬਣਾਇਆ ਹੈ। ਆਪਣੀ ਅਗਲੀ ਫਿਲਮ 'ਉੜੀ' ਵਿੱਚ ਵੀ ਉਹ ਇਸੇ ਤਰ੍ਹਾਂ ਕੰਮ ਕਰ ਰਹੀ ਹੈ। ਇਹੀ ਨਹੀਂ, ਅੱਜਕੱਲ੍ਹ ਉਹ ਸਿਤਾਰਿਆਂ ਨਾਲ ਭਰੀਆਂ ਫਿਲਮਾਂ ਵਿੱਚ ਕੰਮ ਕਰਨ ਲਈ ਵੀ ਤਿਆਰ ਹੈ। ਪੇਸ਼ ਹਨ ਉਸ ਨਾਲ ਹੋਈ ਗੱਲਬਾਤ ਦੇ ਮੁੱਖ ਅੰਸ਼ :

* ਫਿਲਮ 'ਉੜੀ' ਵਿੱਚ ਅਜਿਹਾ ਕੀ ਹੈ, ਜਿਸ ਨੂੰ ਲੈ ਕੇ ਤੁਸੀਂ ਕਾਫੀ ਕਰੇਜ਼ੀ ਹੋ?

– ਕਿਉਂਕਿ ਇਹ ਫਿਲਮ ਸਤੰਬਰ 2016 ਦੇ ਉੜੀ ਅਟੈਕ 'ਤੇ ਆਧਾਰਤ ਹੈ, ਇਸ ਲਈ ਰੀਅਲਿਸਟਿਕ ਫਿਲਮ ਬਾਰੇ ਐਕਸਾਈਟਿਡ ਹੋਣਾ ਲਾਜ਼ਮੀ ਹੈ। ਇਹ ਮੇਰੇ ਲਈ ਬਹੁਤ ਅਹਿਮ ਫਿਲਮ ਹੈ। ਅੱਜ ਤੱਕ ਮੈਂ ਜਿਸ ਤਰ੍ਹਾਂ ਦੀਆਂ ਫਿਲਮਾਂ ਕਰਦੀ ਰਹੀ ਹਾਂ, ਉਸ ਤੋਂ ਇਹ ਬਹੁਤ ਵੱਖਰੀ ਹੈ। ਇਸ ਫਿਲਮ ਦੀ ਸ਼ੂਟਿੰਗ ਤੋਂ ਛੇ ਮਹੀਨੇ ਪਹਿਲਾਂ ਤੋਂ ਮੈਂ ਇਸ ਫਿਲਮ ਦੀ ਤਿਆਰੀ ਕਰ ਰਹੀ ਹਾਂ। ਮੈਂ ਇਸ ਦੌਰਾਨ ਕਾਫੀ ਐਕਸ਼ਨ ਸੀਕੁਐਂਸ ਦੀ ਟਰੇਨਿੰਗ ਲਈ ਹੈ।

* ਇਸ ਫਿਲਮ ਵਿੱਚ ਤੁਸੀਂ ਕੀ ਕਿਰਦਾਰ ਨਿਭਾਅ ਰਹੇ ਹੋ?

–ਇਸ ਵਿੱਚ ਇੱਕ ਇੰਟੈਲੀਜੈਂਸ ਅਫਸਰ ਦਾ ਅਹਿਮ ਕਿਰਦਾਰ ਨਿਭਾਅ ਰਹੀ ਹਾਂ, ਜਦ ਕਿ ਫਿਲਮ ਵਿੱਚ ਮੇਰੇ ਆਪੋਜ਼ਿਟ ਵਿੱਕੀ ਕੌਸ਼ਲ ਹੈ। ਫਿਲਮ ਵਿੱਚ ਪਰੇਸ਼ ਰਾਵਲ ਦੇ ਹਿੱਸੇ ਵਿੱਚ ਅਜੀਤ ਡੋਭਾਲ ਦੀ ਭੂਮਿਕਾ ਹੈ। ਇਸ ਦੀ ਕਾਫੀ ਸ਼ੂਟਿੰਗ ਅਸਲ ਜਗ੍ਹਾ ਉੱਤੇ ਵੀ ਹੋਈ ਹੈ।

* ਤੁਹਾਡੀ ਪਿਛਲੀ ਫਿਲਮ 'ਬੱਤੀ ਗੁੱਲ ਮੀਟਰ ਚਾਲੂ' ਮਲਟੀਸਟਾਰਰ ਹੋਣ 'ਤੇ ਵੀ ਖਾਸ ਨਹੀਂ ਚੱਲੀ। ਕੀ ਕਹੋਗੇ?

– ਮਲਟੀਸਟਾਰਰ ਫਿਲਮਾਂ ਵਿੱਚ ਕੀ ਖਰਾਬੀ ਹੈ। ਜੇ ਕਿਸੇ ਫਿਲਮ ਵਿੱਚ ਮੇਰੇ ਨਾਲ ਕੋਈ ਕੋ-ਸਟਾਰ ਹੈ ਤਾਂ ਮੇਰਾ ਖਿਆਲ ਹੈ ਕਿ ਇਹ ਮੇਰੇ ਲਈ ਫਾਇਦੇ ਦੀ ਗੱਲ ਹੈ। ਮੇਰੀ ਜ਼ਿੰਮੇਵਾਰੀ ਥੋੜ੍ਹੀ ਘੱਟ ਹੋ ਜਾਂਦੀ ਹੈ। ਮੈਨੂੰ ਹੋਰ ਵੱਧ ਬਿਹਤਰ ਕਰਨ ਦਾ ਉਤਸ਼ਾਹ ਮਿਲਦਾ ਹੈ। ਇਹ ਜ਼ਰੂਰੀ ਨਹੀਂ ਕਿ ਮੈਨੂੰ ਹਰ ਫਿਲਮ ਸੋਲੋ ਹੀਰੋਇਨ ਵਾਲੀ ਮਿਲੇ। ਮੇਰਾ ਰੋਲ ਦਮਦਾਰ ਹੈ ਤਾਂ ਮੈਂ ਅਜਿਹੀ ਹਰ ਮਲਟੀਸਟਾਰਰ ਫਿਲਮ ਕਰ ਸਕਦੀ ਹਾਂ। ਫਿਰ ਸ਼ਰਧਾ ਕਪੂਰ ਵਰਗੀ ਕੋ-ਸਟਾਰ ਨਾਲ ਕੌਣ ਕੰਮ ਨਹੀਂ ਕਰਨਾ ਚਾਹੇਗਾ। ਜਿੱਥੋਂ ਤੱਕ ਫਿਲਮ ਦਾ ਸਵਾਲ ਹੈ, ਤਾਂ ਇਹ ਫਲਾਪ ਬਿਲਕੁਲ ਨਹੀਂ ਹੈ।

* 'ਕਾਬਿਲ' ਦੀ ਸਫਲਤਾ ਤੋਂ ਬਾਅਦ ਵੀ ਤੁਹਾਡੇ ਹਿੱਸੇ 'ਚ ਜ਼ਿਆਦਾ ਕੰਮ ਨਹੀਂ ਆਇਆ। ਕੀ ਕਹੋਗੇ?

– ਇਸ ਵਿੱਚ ਸ਼ੱਕ ਨਹੀਂ ਕਿ 'ਕਾਬਿਲ' ਇੱਕ ਵੱਡੀ ਹਿੱਟ ਸੀ, ਪਰ ਮੈਂ ਇਸ ਫਿਲਮ ਦੀ ਸਫਲਤਾ ਨੂੰ ਕਾਹਲੀ ਵਿੱਚ ਕੈਸ਼ ਨਹੀਂ ਕਰਨਾ ਚਾਹੁੰਦੀ ਸੀ। ਇਸ ਲਈ ਮੈਂ ਉਡੀਕ ਕੀਤੀ। ਇਸੇ ਕਾਰਨ 'ਉੜੀ' ਅਤੇ 'ਬੱਤੀ ਗੁੱਲ ਮੀਟਰ ਚਾਲੂ' ਆਦਿ ਕਈ ਚੰਗੀਆਂ ਫਿਲਮਾਂ ਮੇਰੇ ਹਿੱਸੇ ਆਈਆਂ। ਮੈਂ ਕਹਿ ਸਕਦੀ ਹਾਂ ਕਿ 'ਕਾਬਿਲ' ਵਰਗੀ ਵੱਡੀ ਫਿਲਮ ਵਿੱਚ ਕੰਮ ਕਰਨ ਨਾਲ ਮੇਰਾ ਰਸਤਾ ਕਾਫੀ ਸੌਖਾ ਹੋ ਗਿਆ ਹੈ। ਫਿਰ ਵੀ ਮੇਰਾ ਮੰਨਣਾ ਹੈ ਕਿ ਮੈਂ ਅਜੇ ਆਪਣੇ ਆਪ ਨੂੰ ਸਿੱਧ ਕਰਨਾ ਹੈ।

* ਤਾਂ ਕੀ ਖੁਦ ਨੂੰ ਪਰੂਵ ਕਰਨ ਲਈ ਹੀ ਖੇਤਰੀ ਫਿਲਮਾਂ ਵਿੱਚ ਕੰਮ ਕਰ ਰਹੇ ਹੋ?

– ਮੈਂ ਸਿਰਫ ਚੰਗੀਆਂ ਫਿਲਮਾਂ ਵਿੱਚ ਕੰਮ ਕਰਨਾ ਚਾਹੁੰਦੀ ਹਾਂ, ਚਾਹੇ ਭਾਸ਼ਾ ਕੋਈ ਵੀ ਹੋਵੇ। ਇਹੀ ਕਾਰਨ ਹੈ ਕਿ ਚੰਗੀਆਂ ਰੀਜਨਲ ਫਿਲਮਾਂ ਨੂੰ ਵੀ ਪੂਰੀ ਤਵੱਜੋਂ ਦਿੱਤੀ ਹੈ। ਕੰਨੜ, ਤਮਿਲ, ਤੇਲਗੂ, ਮਲਿਆਲਮ, ਪੰਜਾਬੀ ਦੀਆਂ ਫਿਲਮਾਂ ਨੇ ਮੇਰਾ ਉਤਸ਼ਾਹ ਕਾਫੀ ਵਧਾਇਆ ਹੈ। ਦੱਸ ਦਿਆਂ ਕਿ ਤਮਿਲ ਅਤੇ ਤੇਲਗੂ ਦੀਆਂ ਮੇਰੀਆਂ ਕਈ ਫਿਲਮਾਂ ਵੱਡੀਆਂ ਹਿੱਟ ਸਨ, ਮੈਂ ਫਿਰ ਵੀ ਉਥੋਂ ਦੀਆਂ ਬਹੁਤ ਹੀ ਚੋਣਵੀਆਂ ਫਿਲਮਾਂ ਵਿੱਚ ਕੰਮ ਕੀਤਾ ਹੈ, ਪਰ ਇਹ ਵੀ ਸੱਚ ਹੈ ਕਿ ਅੱਜਕੱਲ੍ਹ ਹਿੰਦੀ ਫਿਲਮਾਂ ਮੇਰੀ ਪਹਿਲ ਹਨ।

* ਤੁਹਾਡੇ ਲਈ ਬਾਕਸ ਆਫਿਸ ਦੀ ਸਫਲਤਾ ਕੀ ਮਾਇਨੇ ਰੱਖਦੀ ਹੈ?

– ਮੈਨੂੰ ਸਿਰਫ ਫਿਲਮੀ ਸਫਲਤਾ ਨਹੀਂ ਚਾਹੀਦੀ। ਅਸਲ 'ਚ ਆਪਣੀਆਂ ਫਿਲਮਾਂ ਦਾ ਸਫਲ ਹੋਣਾ ਤਾਂ ਸਾਰਿਆਂ ਨੂੰ ਖੁਸ਼ੀ ਦਿੰਦਾ ਹੈ, ਪਰ ਮੈਨੂੰ ਇਸ ਦੇ ਨਾਲ ਨਾਲ ਇੱਕ ਕਲਾਕਾਰ ਵਜੋਂ ਸਨਮਾਨ ਵੀ ਚਾਹੀਦਾ ਹੈ।

# ਹਾਲੀਵੁੱਡ ਬਾਇਓਪਿਕ ਵਿੱਚ ਲੀਡ ਰੋਲ ਨਿਭਾਉਣਗੇ ਅਲੀ ਫਜ਼ਲ



2017 ਵਿੱਚ ਰਿਲੀਜ਼ ਹੋਈ ਇੰਟਰਨੈਸ਼ਨਲ ਫਿਲਮ 'ਵਿਕਟੋਰੀਆ ਐਂਡ ਅਬਦੁਲ' ਵਿੱਚ ਕੰਮ ਕਰ ਚੁੱਕੇ ਅਲੀ ਫਜ਼ਲ ਜਲਦੀ ਹੀ ਇੱਕ ਹੋਰ ਹਾਲੀਵੁੱਡ ਫਿਲਮ ਵਿੱਚ ਦਿਖਾਈ ਦੇਣਗੇ। ਇਹ ਇੱਕ ਬਾਇਓਪਿਕ ਹੈ ਜਿਸ ਵਿੱਚ ਉਹ ਲੀਡ ਰੋਲ ਨਿਭਾਉਣਗੇ।

ਇਸ ਦੇ ਨਾਲ ਉਹ ਪਹਿਲੇ ਇੰਡੀਅਨ ਐਕਟਰ ਹੋਣਗੇ ਜੋ ਹਾਲੀਵੁੱਡ ਦੀ ਕਿਸੇ ਬਾਇਓਪਿਕ ਵਿੱਚ ਲੀਡ ਰੋਲ ਵਿੱਚ ਦਿਖਾਈ ਦੇਣਗੇ। ਅਜੇ ਇਹ ਕਨਫਰਮ ਨਹੀਂ ਹੋਇਆ ਕਿ ਇਹ ਫਿਲਮ ਕਿਸ 'ਤੇ ਆਧਾਰਤ ਹੈ, ਪਰ ਕਿਹਾ ਜਾ ਰਿਹਾ ਹੈ ਕਿ ਇਹ 2003 ਵਿੱਚ ਹੋਏ ਇਰਾਕ ਯੁੱਧ ਦੇ ਬੈਕਡਰਾਪ 'ਤੇ ਬਣਾਈ ਜਾਏਗੀ। ਇਸ ਦੀ ਸ਼ੂਟਿੰਗ ਇਸ ਸਾਲ ਗਰਮੀਆਂ ਵਿੱਚ ਸ਼ੁਰੂ ਹੋਵੇਗੀ।

# '83' ਵਿੱਚ ਦੀਪਿਕਾ-ਰਣਵੀਰ ਪਤੀ-ਪਤਨੀ ਵਜੋਂ ਦਿਖਾਈ ਦੇਣਗੇ



ਫਿਲਮ '83' ਵਿੱਚ ਰਣਵੀਰ ਸਿੰਘ ਕ੍ਰਿਕਟਰ ਕਪਿਲ ਦੇਵ ਦਾ ਰੋਲ ਨਿਭਾਅ ਰਹੇ ਹਨ। ਸੁਣਨ ਵਿੱਚ ਆਇਆ ਹੈ ਕਿ ਇਸ ਵਿੱਚ ਦੀਪਿਕਾ ਵੀ ਨਜ਼ਰ ਆਏਗੀ। ਦੀਪਿਕਾ ਪਾਦੁਕੋਣ ਅਤੇ ਰਣਵੀਰ ਸਿੰਘ ਦੇ ਪ੍ਰਸ਼ੰਸਕਾਂ ਨੂੰ ਇਹ ਖਬਰ ਸਕੂਨ ਦੇ ਸਕਦੀ ਹੈ ਕਿ ਇਹ ਸਟਾਰ ਕਪਲ ਕਬੀਰ ਖਾਨ ਦੇ ਡਾਇਰੈਕਸ਼ਨ ਵਿੱਚ ਬਣਦੀ ਕਪਿਲ ਦੇਵ ਦੀ ਬਾਇਓਪਿਕ '83' ਵਿੱਚ ਪਤੀ-ਪਤਨੀ ਦੇ ਕਿਰਦਾਰ ਵਿੱਚ ਨਜ਼ਰ ਆ ਸਕਦੇ ਹਨ। ਖਬਰਾਂ ਹਨ ਕਿ ਦੀਪਿਕਾ ਨੂੰ ਕਪਿਲ ਦੇਵ ਦੀ ਪਤਨੀ ਰੋਮੀ ਭਾਟੀਆ ਦੇ ਰੋਲ ਲਈ ਆਖਿਆ ਗਿਆ ਹੈ। ਕਿਹਾ ਜਾ ਰਿਹਾ ਹੈ ਕਿ ਦੀਪਿਕਾ ਦਾ ਰੋਲ ਕੈਮਿਉ ਤੋਂ ਵੱਡਾ ਹੋਵੇਗਾ। ਫਿਲਮ ਦੇ ਨਿਰਮਾਤਾਵਾਂ ਨੂੰ ਲੱਗਦਾ ਹੈ ਕਿ ਕਪਿਲ ਦੀ ਪਤਨੀ ਰੋਮੀ ਦੀਆਂ ਭਾਵਨਾਵਾਂ ਨੂੰ ਦੀਪਿਕਾ ਪਾਦੁਕੋਣ ਵੱਲੋਂ ਚੰਗੀ ਤਰ੍ਹਾਂ ਨਾਲ ਪੇਸ਼ ਕੀਤਾ ਜਾ ਸਕਦਾ ਹੈ। ਸੂਤਰਾਂ ਮੁਤਾਬਕ ਇਹ ਰੋਲ ਜ਼ਿਆਦਾ ਵੱਡਾ ਨਹੀਂ ਹੋਵੇਗਾ ਤੇ ਇਸ ਦੇ ਲਈ ਦੀਪਿਕਾ ਦੀਆਂ ਕੁਝ ਡੇਟਸ ਦੀ ਲੋੜ ਹੋਵੇਗੀ। ਦੀਪਿਕਾ ਨੇ ਇਸ ਵਿੱਚ ਦਿਲਚਸਪੀ ਦਿਖਾਈ ਹੈ, ਪਰ ਉਨ੍ਹਾਂ ਨੇ ਅਜੇ ਇਸ ਨੂੰ ਸਾਈਨ ਨਹੀਂ ਕੀਤਾ। ਜੇ ਦੀਪਿਕਾ ਇਸ ਦੀ ਹਾਂ ਕਹਿ ਦਿੰਦੀ ਹੈ ਤਾਂ ਇਹ ਪਹਿਲੀ ਫਿਲਮ ਹੋਵੇਗੀ ਜਿਸ ਵਿੱਚ ਦੀਪਿਕਾ ਅਤੇ ਰਣਵੀਰ ਵਿਆਹ ਤੋਂ ਬਾਅਦ ਇਕੱਠੇ ਦਿਖਾਈ ਦੇਣਗੇ।

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777

31 Melanie Dr. Unit #4 Brampton, ON L6T 5H8
Avtar Singh Tiwana
Sales Rep




| Darcel/Brandon Gate | Chinguacousy/Sandalwood | Niagara Falls Ontario | Castlemore/Goreway |
|---|---|---|---|
| ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੌਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੋਰ। | 5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੂਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ। | ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ। | 4 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, 3500 ਸਕੇਅਰ ਫੁੱਟ, ਹਾਰਡਵੂਡ ਫਲੋਰ, ਮੇਨ ਫਲੋਰ ਨੂੰ ਡੇਨ, ਬੇਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ ਦੇ ਨੇੜੇ। |

Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ
SPECIAL DISCOUNT FOR CONTRACTORS



Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)

BEST CANADIAN TRUCK & FORKLIFT TRAINING CENTRE
Registered as a Private Career College Under the Private Career Colleges Act. 2005



* AZ Tractor Trailer Program
* Manual Transmission & Backup Training Everyday
* We Welcome Welfare & Workers Compensation Clients
Cell: 416-670-3173
Tell: 905-799-7333
**SPECIAL** Forklift Re-Certification Only $69
Open 7 Days
27-B Edvac Drive, Brampton, ON L6S 5X8



Karnail Singh

# ਮੂੰਹੋ ਬੋਲਦੀ Kitchen and Washroom ਬਣਵਾਓ

# Pearson
## Kitchen & Cabinet

Free Estimate
We Specialize in granite, quartz & marble countertops

100% Satisfaction On Time





## We Specialize In:

- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ

**Call Vikramjit Sangha: 416-200-0931**

**Special Discount for Contractors | Buy Direct From The Factory**

**271 - Glidden Rd. Unit#5, Brampton (Kennedy&Glidden)**




www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232

Other Realtors only Promise
But JAG AUJLA SOLD YOUR HOME WITH
GUARANTEED*
OR HE'LL BUY IT!*
*Some Conditions Apply

Top 1% Ranked In* Broker
Call For a Quick & Free Home Evaluation
www.BramptonQuickHomeEvaluation.com
(**2016,2015,2014,2013 2012,2011,2010) **(2009,2008) **(RE/MAX International) **(2010) **(2014)
** Based on Commissions earned

Urgently Need New Listing in Brampton/GTA Call Jag Today To Sell Your Property For Top $$$ & Accurate Price

BRAMPTON $679,905
ਚਿੰਗਕੂਜ਼ੀ/ਵੀਲੀਅਮ ਪਾਕ੍ਰਵੇ
ਬਹੁਤ ਹੀ ਸੋਹਣਾ 4+1 ਬੈਡਰੂਮ ਐਂਡ 4 ਵਾਸ਼ਰੂਮ ਘਰ , ਨਵਾਂ ਪੇਂਟ, ਲੇਮੀਨੇਟ ਫਲੋਰ, ਅਪਗ੍ਰੇਡਡ ਕਿਚਨ, ਸਟੇਨਲੈਸ ਸਟੀਲ ਅਪਲਾਇੰਸਸ, ਨਵੇਂ ਰੂਫ ਸ਼ਿੰਗਲ 2018, ਗਰੇਨਾਇਟ ਕਾਂਉਟਰ ਟਾਪ, ਮਾਸਟਰ ਬੈਡਰੂਮ ਨੂੰ 5 ਪੀਸ ਇੰਨ ਸੂਟ, ਆਦਿ ਸਹੂਲਤਾਂ ਦੇ ਨੇੜੇ।

SOLD
BRAMPTON $934,905
ਏਅਰਪੋਰਟ/ਬ੍ਰਏਡਨ
SOLD OVER ASKING PRICE

SOLD
BRAMPTON $1,069,905
ਜੇਮਜ਼ ਪੋਟਰ/ਬੋਣੀ ਬਰੇਸ
SOLD TO MY OWN BUYER

BRAMPTON $779,905
ਏਅਰਪ੍ਰੋਟ ਰੋਡ/ ਕੈਸਲਮੋਰ
ਬਹੁਤ ਸੋਹਣਾ 4 ਬੈਡਰੂਮ ਐਂਡ 3 ਵਾਸ਼ਰੂਮ ਦਾ ਡਿਟੈਚਡ ਘਰ, 25 ਪੋਟ ਲਾਇਟਸ, ਓਪਨ ਕਾਂਸੈਪਟ, ਹਾਰਡਵੂਡ ਫਲੌਰ, ਅਪਗ੍ਰੇਡਡ ਕਿਚਨ, 4 ਕਾਰਾਂ ਦੀ ਪਾਕ੍ਰਿੰਗ, ਓਕ ਸਟੇਅਰਕੇਸ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬੱਸ ਸਟਾਪ, ਆਦਿ ਸਹੂਲਤਾਂ ਦੇ ਨੇੜੇ।

BRAMPTON
ਬਰੈਮਲੀ/ਸੈਂਡਲਵੁਡ
ਬਹੁਤ ਸੋਹਣਾ ਅਤੇ ਸਾਫ ਸੁਥਰਾ 4 ਬੈਡਰੂਮ ਐਂਡ 2 ਵਾਸ਼ਰੂਮ ਡਿਟੈਚ ਘਰ, ਫੀਨਿਸ਼ਡ ਬੈਸਮੈਂਟ ਨੂੰ ਸੈਪਰੇਟ ਇੰਟਰੈਂਸ, ਹਾਰਡਵੁਡ ਫਲੋਰ, ਬੈਕਸਪਲੈਸ ਕਿਚਨ, ਸਟੇਨਲੈਸ ਸਟੀਲ ਅਪਲਾਇੰਸਿਸ, ਮਾਸਟਰ ਬੈਡਰੂਮ ਨੂੰ 5 ਪੀਸ ਇੰਸੂਟ, ਸਕੂਲ, ਪਾਰਕ, ਪਲਾਜ਼ਾ ਆਦਿ ਸਹੂਲਤਾਂ

BRAMPTON $1,469,905
ਗੋਰਵੇ/ਕੰਟਰੀਸਾਇਡ
ਬਹੁਤ ਹੀ ਸੋਹਣਾ 4 ਬੈਡਰੂਮ ਐਂਡ 5 ਵਾਸ਼ਰੂਮ ਵਾਸ਼ਰੂਮ ਡਿਟੈਚਡ ਘਰ, ਬੈਸਮੈਂਟ ਨੂੰ ਸੇਪਰੇਟ ਇੰਟਰੈਂਸ, ਬਹੁਤ ਸਾਰੀਆਂ ਅਪਗਰੇਡਜ਼ , 3 ਕਾਰ ਗਰਾਜ, ਕਿਚਨ ਨੂੰ ਗ੍ਰੇਨਾਇਟ ਕਾਉਂਟਰ ਟਾਪ, ਸਟੇਨਲੈਸ ਸਟੀਲ ਅਪਲਾਇੰਸਿਸ, ਸਕੂਲ, ਪਾਰਕ, ਪਲਾਜ਼ਾ ਆਦਿ ਸਹੂਲਤਾਂ ਦੇ ਨੇੜੇ।

BRAMPTON $1,729,905
ਕਵੀਨ/ਮਿਸੀਸਾਗਾ ਰੋਡ
ਬਹੁਤ ਹੀ ਸੋਹਣਾ 5+1 ਬੈਡਰੂਮ ਐਂਡ 5 ਵਾਸ਼ਰੂਮ ਘਰ+3 ਕਾਰ ਗਰਾਜ, + 7 ਕਾਰਾਂ ਦੀ ਬਾਹਰ ਪਾਰਕਿੰਗ, 10 ਫੁੱਟ ਸੀਲਿੰਗ, ਦੂਸਰਾ ਫਲੋਰ ਤੇ ਬੇਸਮੈਂਟ 9 ਫੁੱਟ ਸੀਲਿੰਗ, ਲੋਡਡ ਵਿਦ ਟਨਸ ਆਫ ਅਪਗ੍ਰੇਡਜ਼, 90 ਪੋਟ ਲਾਈਟਸ, ਸਮੂਥ ਸੀਲਿੰਗ, ਹਾਰਡਵੁਡ ਫਲੌਰ, ਆਦਿ ਸਹੂਲਤਾਂ ਦੇ ਨੇੜੇ।

BRAMPTON $839,905
ਵੀਲਿਅਮਜ਼ ਪਾਕ੍ਰਵੇ/ਜੇਮਜ਼ ਪੋਟਰ
ਬਹੁਤ ਸੋਹਣਾ ਅਤੇ ਸਾਫ ਸੁਥਰਾ 4+1 ਬੈਡਰੂਮ ਐਂਡ 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਫੀਨਿਸ਼ਡ ਬੈਸਮੈਂਟ ਨੂੰ ਸੇਪਰੁਟ ਏਂਟਰੈਂਸ, 9 ਫੁੱਟ ਸਿਲਿੰਗ, ਕਿਚਨ ਨੂੰ ਸਟੇਨਲੈਸ ਸਟੀਲ ਅਪਲਾਇੰਸਸ, ਮਾਸਟਰ ਬੈਡਰੂਮ ਨੂੰ 5 ਪੀਸ ਇਨ ਸੂਟ, ਸਕੂਲ, ਪਲਾਜ਼ਾ, ਆਦਿ ਸਹੂਲਤਾਂ ਦੇ ਨੇੜੇ।

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

Carte WEALTH MANAGEMENT INC.
KANG TAX & FINANCIAL SERVICES
- Personal and Corporate Tax Filings**
- RDSP, RESP, RRSP, TFSA Plans*
- Home and Auto Insurance***
Free Tax Filing For New Immigrants
416-271-4877 Email:sukhwinder.kang@cartewm.com
Sukhwinder Kang
(M.Sc. CFP)
Financial Advisor
2645 ISLINGTON AVENUE, Unit # 101
ALBION & ISLINGTON, ETOBICOKE
OVER INDIA BAZAR GROCERY STORE
* Mutual funds provided by Carte Wealth Management Inc.
** Tax planning and filings provided by Kang Tax & Financial Services
*** Property & Casualty Insurance provided by Armour Insurance Brokers Ltd.

Grand Upholstery Ltd
Sofa Company Originality in Every Piece
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
Special on Sale
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂੰਹੋਂ ਬੋਲਦੀ ਹੈ
Tel: 905.791.2888 Cell: 647.293.3212
5 Edvac Drive # 5 & 6 Brampton ON L6S 5P3 Email: grandupholstery@gmail.com

IFS INTERSTATE FREIGHT SYSTEMS INC.
A/Z ਡਰਾਈਵਰ ਤੇ ਡਿਸਪੈਚਰ ਦੀ ਲੋੜ
USA, Montreal, Montreal Local Within Ontario
ਤੇ Local GTA ਵਾਸਤੇ AZ ਡਰਾਇਵਰਾਂ ਦੀ ਲੋੜ ਹੈ
Also Hiring Owner Operators for local work
- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ
- Experienced ਡਿਸਪੈਚਰਾਂ ਦੀ ਵੀ ਲੋੜ ਹੈ
Please send resume at:
jgill@interstatefreightsystem.com
Call: 416-452-0677, 647-448-3500
(Monday to Friday | 10am to 5pm)
IFS

{ YOUR AD HERE }
ਕੈਨੇਡੀਅਨ ਪੰਜਾਬੀ ਪੋਸਟ
BEFORE: ~~$200~~
NOW: $140
30% OFF
MEGA SALE
ਹਾਂ ਜੀ ਹਾਂ ਹੁਣ ਪੰਜਾਬੀ ਪੋਸਟ ਵਿੱਚ 1 ਮਹੀਨੇ ਲਈ ਐਡ ਦਵੋ ਸਿਰਫ $140 ਵਿੱਚ!
- Limited Spots
- First Come First Serve
*Offer Valid Till 15th Feb
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202